


# ਚਿਟਨ ਕਾਂ ਫਿਰਦਾ

ਪ੍ਰੀਤ ਸਿੰਘ ਭੱਟੀ

www.punjabilibrary.com

# ਚੰਦਨ ਕਾ ਬਿਰਵਾ

ਰੀਤ ਨਾਲ ਮੇਰੀ ਮੁਲਾਕਾਤ, ਮੇਰੀ ਇੱਕ ਦੋਸਤ ਨੇ ਕਰਵਾਈ। ਮੈਨੂੰ ਗੱਲਾਂ ਦਾ ਕੜਾਹ ਕਰਨ ਦੀ ਆਦਤ ਹੈ। ਉਹ ਮੇਰੀਆਂ ਬਹੁਤ ਗੱਲਾਂ ਤੋਂ ਪ੍ਰਭਾਵਿਤ ਹੋਈ। ਜਿਸ ਕਰਕੇ ਉਸਨੇ ਮੇਰੀ ਦੋਸਤ ਤੋਂ ਮੇਰਾ ਫੋਨ ਨੰਬਰ ਲਿਆ ਤੇ ਵੱਟਸਐੱਪ ਤੇ ਸੰਦੇਸ਼ ਭੇਜਿਆ। ਮੈਂ ਜਾਣਦਾ ਸੀ ਇਹ ਰੀਤ ਦਾ ਹੀ ਸੰਦੇਸ਼ ਹੈ। ਕਿਉਂਕਿ ਉਹ ਮੇਰੇ ਲਈ ਇੱਕ ਨਵਾਂ ਸ਼ਿਕਾਰ ਸੀ। ਮੈਂ ਅਣਜਾਣ ਬਣਨ ਦੀ ਕੋਸ਼ਿਸ਼ ਕੀਤੀ ਤੇ ਸੰਦੇਸ਼ ਦਾ ਜੁਆਬ ਦਿੱਤਾ..

ਹਾਂਜੀ ਕੌਣ?

ਜੁਆਬ ਆਇਆ..

ਮੈਂ ਰੀਤ।

ਮੈਂ ਜੁਆਬ ਦਿੱਤਾ..

ਹਾਂਜੀ ਕਿਵੇਂ ਹੋ?

ਜੁਆਬ ਆਇਆ..

ਵਧੀਆ। ਆਪ ਕਿਵੇਂ?

ਇਸ ਤਰ੍ਹਾਂ ਹੋਰ ਕਈ ਗੱਲਾਂ ਹੋਈਆਂ। ਉਹ ਮੇਰੇ ਬਾਰੇ ਹੋਰ ਜਾਣਨਾ ਚਾਹੁੰਦੀ ਸੀ। ਤੇ ਮੈਂ ਤਾਂ ਬਸ ਜਾਣਨ ਦਾ ਦਿਖਾਵਾ ਕਰ ਰਿਹਾ ਸੀ। ਗੱਲਾਂ ਬੜੀ ਦੇਰ ਤੱਕ ਚੱਲੀਆਂ। ਉਹ ਲਿਖਦੀ ਸੀ। ਉਸਨੇ ਆਪਣੀਆਂ ਲਿਖੀਆਂ ਕੁਝ ਕਵਿਤਾਵਾਂ ਮੈਨੂੰ ਭੇਜੀਆਂ। ਲਿਖਦੀ ਸੋਹਣਾ ਸੀ। ਪਰ ਮੈਂ ਉਸਦੇ ਲਿਖਣ ਤੋਂ ਕੀ ਲੈਣਾ ਸੀ ਭਲਾ। ਮੈਨੂੰ ਤਾਂ ਉਸਦੇ ਸਰੀਰਕ ਢਾਂਚੇ ਨੂੰ ਦੇਖ ਵੱਧਦੀ ਕਾਮਵਾਸਨਾ ਨੂੰ ਠੰਡਾ ਕਰਨ ਦੀ ਤਲਬ ਸੀ। ਕਾਮ ਬਹੁਤ ਭਾਰੂ ਸੀ ਮੇਰੇ ਤੇ। ਸਿਰਫ ਰੀਤ ਲਈ ਨਹੀਂ ਬਲਕਿ ਹੋਰਾਂ ਔਰਤਾਂ ਲਈ ਵੀ। ਔਰਤਾਂ ਨੂੰ ਦੇਖ ਮੈਂ ਮਚਲ ਉੱਠਦਾ ਸੀ। ਮੈਂ ਹੁਣ ਤੱਕ ਆਪਣੇ ਤੋਂ ਕਈ ਛੋਟੀ ਉਮਰ ਤੇ ਕਈ ਵੱਡੀ ਉਮਰ ਦੀਆਂ ਔਰਤਾਂ ਨਾਲ ਸੰਬੰਧ ਬਣਾ ਚੁਕਾ ਸੀ। ਮੇਰਾ ਇਸ ਉਪਰ ਕੋਈ ਨਿਅੰਤਰਣ ਨਹੀਂ ਸੀ।

ਖੈਰ ਗੱਲ ਰੀਤ ਦੀ ਕਰਦੇ ਹਾਂ। ਉਸਨੂੰ ਪਹਿਲੀ ਨਜ਼ਰ ਵਿੱਚ ਦੇਖਦੇ ਹੀ ਉਹ ਮੇਰੀ ਅੱਖ ਤੇ ਵਹਿਸ਼ੀ ਸੋਚ ਦਾ ਸ਼ਿਕਾਰ ਹੋ ਗਈ। ਸੋਚਿਆ ਇਹ ਇੱਕ ਖ਼ੂਬਸੂਰਤ ਕਲੀ ਹੈ ਜਿਸਦਾ ਅਨੰਦ ਕੋਈ ਹੋਰ ਕਿਉਂ ਲਵੇ। ਮੈਂ ਉਸਨੂੰ ਫੁੱਲ ਬਣਨ ਤੋਂ ਪਹਿਲਾਂ ਹੀ ਰੋਂਦ ਦੇਣ ਦੀਆਂ ਕੋਸ਼ਿਸ਼ਾ ਵਿੱਚ ਲੱਗ ਗਿਆ। ਰੀਤ ਨੇ ਮੈਨੂੰ ਆਪਣੀ ਲਿਖੀ ਕਵਿਤਾ ਭੇਜੀ। ਜਿਸ ਵਿੱਚ ਉਸਦੇ ਚਾਅ ਤੇ ਮਨ ਦੀਆਂ ਭਾਵਨਾਵਾਂ ਦੀ ਗੱਲ ਕੀਤੀ ਗਈ ਸੀ। ਕਵਿਤਾ ਸੋਹਣੀ ਸੀ। ਮੈਨੂੰ ਪਸੰਦ ਵੀ ਆਈ। ਜੋ ਇਸ ਪ੍ਰਕਾਰ ਸੀ..

ਸੱਜਣਾ ਤੇਰੇ ਰੰਗ ਵਿੱਚ ਰੰਗੀ ਫਿਰਦੀ ਆਂ,

ਤੂੰ ਸਭ ਰੰਗਾਂ ਤੋਂ ਗੂੜਾ ਏ।

ਦੁਨੀਆ ਕਿੰਨੇ ਰੰਗਾਂ ਦਾ ਮੇਲਾ ਏ,

ਅਦਭੁਤ ਰੰਗ ਨਜ਼ਾਰੇ ਹੋਣ,

ਬਿਨਾਂ ਰੰਗਾਂ ਦੁਨੀਆ ਬੇ-ਸੁਆਦ ਜਿਹੀ,

ਚਹੁ ਪਾਸੀ ਪਏ ਖਿਲਾਰੇ ਹੋਣ,

ਤੇਰਾ ਐਸਾ ਰੰਗ ਪਿਆਰਾ ਏ,

ਬਿਨ ਚਾਹਿਆ ਪੈ ਗਿਆ ਜੂੜਾ ਏ,

ਸੱਜਣਾ ਤੇਰੇ ਰੰਗ ਵਿੱਚ ਰੰਗੀ ਫਿਰਦੀ ਆਂ,

ਤੂੰ ਸਭ ਰੰਗਾਂ ਤੋਂ ਗੂੜਾ ਏ।

ਬੇ-ਮੁੱਖ ਸੀ ਮੈਂ ਮਹੁਬੱਤ ਤੋਂ,

ਤੂੰ ਇਕ ਅਜੀਬ ਅਹਿਸਾਸ ਕਰਾਇਆ ਏ,

ਤੈਨੂੰ ਜਾਣ ਕੇ ਸਮਝ ਸਕੀ,

ਮੈਂ ਕੀ-ਕੀ ਹੋਰ ਗਵਾਇਆ ਏ,

ਮੈਂ ਬਣਜਾ ਖੀਰ ਸੁਆਦੀ ਜਿਹੀ,

ਜੇ ਤੂੰ ਗੁੜ ਦਾ ਮਿੱਠਾ ਪੂੜਾ ਏ,

ਸੱਜਣਾ ਤੇਰੇ ਰੰਗ ਵਿੱਚ ਰੰਗੀ ਫਿਰਦੀ ਆਂ,

ਤੂੰ ਸਭ ਰੰਗਾਂ ਤੋਂ ਗੂੜਾ ਏ।

ਮੈਂ ਅਣਜਾਣ ਦੇਸ਼ ਤੋਂ ਆਈ ਹਾਂ,

ਇਸ ਜੱਗ ਤੇ ਖੇਡ ਤਮਾਸ਼ੇ ਲਈ,

ਰੱਬ ਭੇਜਿਆ ਮੈਨੂੰ ਤੇਰੇ ਲਈ,

ਉਧਾਰ ਲੈਣ ਤੇਰੇ ਦਿਲਾਸੇ ਲਈ,

ਤੂੰ ਸਾਗਰ ਦਾ ਸੁੱਚਾ ਮੋਤੀ ਤੇ,

ਮੈਂ ਚਿੱਕੜ ਨਾਲ ਭਰਿਆ ਕੂੜਾ ਏ,

ਸੱਜਣਾ ਤੇਰੇ ਰੰਗ ਵਿੱਚ ਰੰਗੀ ਫਿਰਦੀ ਆਂ,

ਤੂੰ ਸਭ ਰੰਗਾਂ ਤੋਂ ਗੂੜਾ ਏ।

ਮੇਰੇ ਦਿਲ ਦੀ ਇਕ ਖੁਆਇਸ਼ ਏ,

ਇਕ ਵਾਰ ਮੈਂ ਤੇਰੀ ਹੋ ਜਾਵਾਂ,

ਹਰ ਦੇ ਕੇ ਕੀਮਤ ਬਹੁਮੁੱਲੀ ਜਿਹੀ,

ਬਸ ਤੇਰੇ ਵਿੱਚ ਹੀ ਖੋ ਜਾਵਾਂ,,

ਤੂੰ ਸਿਹਰਾ ਬੰਨ ਮੇਰੇ ਕੋਲ ਖੜੇ,

ਮੈਂ ਪਾਵਾਂ ਸ਼ਗਨਾਂ ਦਾ ਚੂੜਾ ਏ,

ਸੱਜਣਾ ਤੇਰੇ ਰੰਗ ਵਿੱਚ ਰੰਗੀ ਫਿਰਦੀ ਆਂ,

ਤੂੰ ਸਭ ਰੰਗਾਂ ਤੋਂ ਗੂੜਾ ਏ।

ਪਰ ਮੈਨੂੰ ਉਸਦੀਆਂ ਕਵਿਤਾਵਾਂ ਨਾਲੋਂ ਜਿਆਦਾ ਉਸ ਵਿੱਚ ਰੁਚੀ ਸੀ। ਉਹ ਥੋੜੇ ਅੜਬ ਸੁਭਾਅ ਦੀ ਸੀ। ਅਜਾਦ ਸੋਚ ਵਾਲੀ। ਉਸਦੀਆਂ ਗੱਲਾਂ ਤੋਂ ਮੈਂ ਪ੍ਰਭਾਵਿਤ ਜਰੂਰ ਹੁੰਦਾ ਸੀ। ਪਰ ਮੇਰਾ ਅਖੀਰ ਟੀਚਾ ਉਸਨੂੰ ਹਾਸਿਲ ਕਰਨਾ ਸੀ ਨਾ ਕਿ ਉਸਦੀਆਂ ਯੋਜਨਾਵਾਂ ਦਾ ਹਿੱਸਾ ਹੋਣਾ। ਉਸ ਨਾਲ ਇਸ ਪ੍ਰਕਾਰ ਦੀਆਂ ਗੱਲਾਂ ਹੋਣੀਆਂ ਜਿਵੇਂ ਦੁਨੀਆਂ ਵਿੱਚ ਮੇਰੇ ਤੋ ਮਹਾਨ ਇਨਸਾਨ ਕੋਈ ਨਾ ਹੋਵੇ। ਤੇ ਉਹ ਮੇਰੀ ਹਰ ਗੱਲ ਮੰਨਦੀ  ਵੀ। ਆਪਣੀਆਂ ਗੱਲਾਂ ਦਾ ਪ੍ਰਭਾਵ ਹੁੰਦਾ ਦੇਖ ਮੈਂ ਉਸਨੂੰ ਸੰਦੇਸ਼ ਭੇਜਿਆ ਕਿ ਆਪਾ ਨੂੰ ਮਿਲਣਾ ਚਾਹੀਦਾ ਹੈ। ਹਾਲਾ ਕਿ ਉਸਨੇ ਅਜੇ ਤੱਕ ਪਿਆਰ ਦਾ ਇਜਹਾਰ ਨਹੀਂ ਸੀ ਕੀਤਾ। ਪਰ ਮੈਂ ਆਪਣੇ ਤਰੀਕਿਆਂ ਅਨੁਸਾਰ ਕੰਮ ਕਰਦਾ ਸੀ। ਤੇ ਕੋਈ ਵੀ ਐਸਾ ਨਹੀਂ ਸੀ ਜਿਸ ਤੇ ਇਹ ਤਰੀਕਾ ਕੰਮ ਨਾ ਕਰਦਾ ਹੋਵੇ। ਅਸੀਂ ਐਤਵਾਰ ਨੂੰ ਹਵੇਲੀ ਵਿੱਚ ਮਿਲਣ ਦਾ ਨਿਸਚਾ ਕੀਤਾ। ਹਵੇਲੀ ਇੱਕ ਵਧੀਆ ਜਗ੍ਹਾ ਹੈ। ਜਿੱਥੇ ਖ਼ੂਬਸੂਰਤ ਮਾਹੋਲ ਕਾਰਨ ਕਿਸੇ ਵੀ ਔਰਤ ਨੂੰ ਆਪਣੇ ਵੱਲ ਉਤੇਜਿਤ ਕਰਨਾ ਅਸਾਨ ਸੀ। ਦਿਨ ਬੀਤੇ ਤੇ ਐਤਵਾਰ ਦਾ ਦਿਨ ਆ ਗਿਆ। ਸ਼ਾਮ ਨੂੰ ਮਿਲਣਾ ਤੈਅ ਹੋਇਆ। ਮੈਂ ਠਾਠ ਬਾਠ ਨਾਲ ਤਿਆਰ ਹੋ ਹਵੇਲੀ ਪਹੁੰਚ ਗਿਆ। ਤੇ ਉਸਦੇ ਆਉਣ ਦੀ ਉਡੀਕ ਕਰਨ ਲੱਗਾਂ। ਕਰੀਬ ਦਸ ਪੰਦਰਾਂ ਮਿੰਟ ਉਡੀਕ ਕਰਨ ਪਿੱਛੋਂ ਇੱਕ ਕੁੜੀ ਸਕੂਟਰੀ ਤੇ ਆਈ। ਜਿਸਨੇ ਜ਼ੀਨ ਦੀ ਪੈਂਟ, ਗਲ ਲੈਦਰ ਦੀ ਜੈਕਟ, ਖੁੱਲੇ ਹੋਏ ਵਾਲ, ਪੈਰੀ ਉੱਚੇ ਉੱਚੇ ਬੂਟ, ਅੱਖਾਂ ਤੇ ਐਨਕਾਂ ਲਾਈਆਂ ਹੋਈਆਂ ਸਨ। ਲਾ ਜੁਆਬ। ਉਸਨੂੰ ਦੇਖ ਮੈਂ ਹੋਰ ਉਤੇਜਨਾ ਨਾਲ ਭਰ ਗਿਆ। ਉਹ ਮੇਰੇ ਕੋਲ ਆਈ ਤੇ ਮੇਰੇ ਨਾਲ ਹੱਥ ਮਿਲਾਇਆ। ਹਾਲ ਚਾਲ ਪੁੱਛਿਆ ਤੇ ਅਸੀਂ ਇੱਕ ਜਗ੍ਹਾ ਤੇ ਜਾ ਬੈਠ ਗਏ। ਮੈਂ ਬੋਲਿਆ..

ਮੈਂ - ਹੋਰ ਘਰੇ ਸਭ ਕਿਵੇਂ?

ਰੀਤ - ਹਾਂਜੀ ਵਧੀਆ ਸਭ। ਆਪ ਸੁਣਾਉ।

ਮੈਂ - ਅੱਠੋ ਅੱਠ।

ਰੀਤ - ਮਤਲਬ।

ਮੈਂ - ਮਤਲਬ ਵਧੀਆ ਤੋਂ ਵੀ ਵਧੀਆ।

ਉਹ ਮੁਸਕਰਾਈ ਤੇ ਫਿਰ ਹੋਰ ਗੱਲਾਂ ਹੋਈਆਂ ਫਿਰ ਮੈਂ ਬੋਲਿਆਂ..

ਮੈਂ - ਕੀ ਖਾਵੋਗੇ?

ਰੀਤ - ਹਾਲੇ ਤਾਂ ਕੁਝ ਨਹੀਂ ਖਾਣਾ, ਠਹਿਰ ਕੇ ਖਾਂਦੇ ਆ।

ਮੈਂ - ਠੀਕ ਆ। ਜਿਵੇਂ ਆਪ ਕਹੋ।

ਰੀਤ - ਆਪ ਨੂੰ ਜਿਆਦਾ ਇੰਤਜ਼ਾਰ ਤਾਂ ਨਹੀਂ ਕਰਨਾ ਪਿਆ?

ਮੈਂ - ਹਾਂ ਬਹੁਤ ਕਰਨਾ ਪਿਆ।

ਰੀਤ - ਮੁਆਫ ਕਰਨਾ। ਘਰੋਂ ਨਿਕਲਦਿਆਂ ਦੇਰੀ ਹੋ ਗਈ।

ਮੈਂ - ਇਸਦੀ ਸਜਾ ਮਿਲੂ।

ਰੀਤ - ਕੀ?

ਮੈਂ - ਸਮਾਂ ਆਉਣ ਤੇ ਦੱਸਾਂਗੇ।

ਰੀਤ - ਠੀਕ ਆ ਕੋਈ ਨੀ। ਹਰ ਸਜਾ ਮਨਜੂਰ।

ਮੈਂ - ਅੱਛਾ ਜੀ। ਵੈਸੇ ਮੈਂ ਆਪ ਨੂੰ ਪੁੱਛਿਆ ਨਹੀਂ, ਹਵੇਲੀ ਦਾ ਖਾਣ ਪੀਣ ਪਸੰਦ ਹੈ? ਕਿਤੇ ਮੈਂ ਆਪਣੀ ਮਨ ਆਈ ਤਾਂ ਨਹੀਂ ਕਰ ਲਈ।

ਰੀਤ - ਨਹੀਂ ਠੀਕ ਆ। ਵੈਸੇ ਮੈਂ ਘੱਟ ਹੀ ਖਾਂਦੀ ਹਾਂ ਬਾਹਰੋ। ਪਰ ਕੋਈ ਨਾ ਠੀਕ ਆ। ਅੱਜ ਖਾ ਲਵਾਂਗੇ।

ਮੈਂ - ਚਲੋ ਕੁਝ ਖਾਂਦੇ ਹਾਂ, ਮੈਨੂੰ ਭੁੱਖ ਲੱਗੀ ਏ।

ਉਹ ਮੁਸਕਰਾਈ ਤੇ ਬੋਲੀ..

ਰੀਤ - ਕਿਉਂ ਘਰਦੇ ਰੋਟੀ ਨਹੀਂ ਦੇਂਦੇ।

ਮੈਂ - ਕਿੱਥੇ ਯਾਰ। ਵਿਹਲੇ ਬੰਦੇ ਆ। ਤਰਲੇ ਮਾਰ ਕੇ ਰੋਟੀ ਖਾਣੀ ਪੈਂਦੀ।

ਰੀਤ - ਹਾ ਹਾ ਹਾ ਹਾ ਹਾ.. ਅੱਛਾ ਜੀ।

ਮੈਂ - ਮਜ਼ਾਕ ਕਰ ਰਹਾਂ। ਅੱਜ ਤੇ ਮੈਨੂੰ ਚਾਅ ਬੜਾ ਸੀ ਆਪ ਨੂੰ ਮਿਲਣ ਦਾ। ਸਾਰਾ ਦਿਨ ਭੁੱਖ ਹੀ ਨੀ ਲੱਗੀ। ਪਰ ਹੁਣ ਆਪ ਨੂੰ ਵੇਖ ਭੁੱਖ ਵਧ ਗਈ।

ਰੀਤ - ਅੱਛਾ ਜੀ। ਮੈਨੂੰ ਵੇਖ ਭੁੱਖ ਵਧ ਗਈ। ਕਿੱਦਾਂ ਦੀ ਭੁੱਖ?

ਮੈਂ - ਹਰ ਤਰਾਂ ਦੀ।

ਰੀਤ - ਓ ਅੱਛਾ।

ਮੈਂ - ਮਜ਼ਾਕ ਕਰ ਰਹਾਂ ਯਾਰ। ਚਲੋ ਕੁਝ ਖਾਂਦੇ ਹਾਂ। ਕੀ ਖਾਵੋਗੇ ਆਪ?

ਰੀਤ - ਭੁੱਖ ਤੇ ਆਪ ਨੂੰ ਲੱਗੀ ਏ। ਜੋ ਮਰਜ਼ੀ ਮੰਗਵਾ ਲਵੋ।

ਮੈਂ - ਮਤਲਬ ਰੋਟੀ ਖਾਵੋਗੇ ਜਾਂ ਕੁਝ ਹੋਰ?

ਰੀਤ - ਰੋਟੀ ਖਾਂਦੇ ਹਾਂ। ਬਾਕੀ ਫਿਰ ਦੇਖਾਂਗੇ।

ਮੈਂ - ਠੀਕ ਆ।

ਅਸੀਂ ਦੋਨੋਂ ਹਵੇਲੀ ਦੇ ਅੰਦਰ ਚਲੇ ਗਏ। ਤੇ ਇੱਕ ਟੇਬਲ ਤੇ ਜਾ ਬੈਠੇ। ਇੱਕ ਕਰਮਚਾਰੀ ਆਇਆ ਤੇ ਅਸੀਂ ਇੱਕ ਦੋ ਸਬਜੀਆਂ ਤੇ ਕੁਝ ਰੋਟੀਆਂ ਲਿਆਉਣ ਲਈ ਕਿਹਾ। ਕਰੀਬ ਦਸ ਕੁ ਮਿੰਟ ਬਾਅਦ ਉਹ ਸਾਰੇ ਪਕਵਾਨ ਪਰੋਸਣ ਲੱਗੇ। ਇਸ ਦੌਰਾਨ ਅਸੀਂ ਕਈ ਗੱਲਾਂ ਕੀਤੀਆਂ। ਮੈਂ ਕੁਝ ਐਸੇ ਵਿਚਾਰ ਰੱਖੇ ਜਿੰਨਾਂ ਤੋਂ ਉਹ ਬਹੁਤ ਪ੍ਰਭਾਵਿਤ ਹੋਈ। ਮੇਰਿਆਂ ਵਿਚਾਰਾਂ ਤੇ ਵਰਤਾਵ ਨੂੰ ਦੇਖ ਉਸਦੀਆਂ ਅੱਖਾਂ ਵਿੱਚ ਚਮਕ ਸੀ। ਤੇ ਇਹ ਚਮਕ ਮੈਂ ਪਹਿਲੀ ਵਾਰ ਕਿਸੇ ਕੁੜੀ ਦੀਆਂ ਅੱਖਾਂ ਵਿੱਚ ਨਹੀਂ ਸੀ ਦੇਖ ਰਿਹਾਂ। ਇਸ ਦੌਰਾਨ ਮੈਂ ਬਸ ਖੁਦ ਨੂੰ ਚੰਗਾ ਦਿਖਾਉਣ ਦਾ ਯਤਨ ਕਰ ਰਿਹਾਂ ਸੀ ਪਰ ਉਹ ਮੇਰੇ ਤੋਂ ਕਿਤੇ ਵੱਧ ਗੁਣਾ ਭਰਪੂਰ ਤੇ ਚੰਗੇ ਵਿਚਾਰਾਂ ਵਾਲੀ ਸੀ। ਪਰ ਮੇਰਾ ਸੁਭਾਅ ਇਹਨਾਂ ਚੀਜ਼ਾਂ ਦੇ ਪ੍ਰਭਾਵ ਤੋਂ ਕਿਤੇ ਵੱਖਰਾ ਸੀ। ਮੈਨੂੰ ਕੋਈ ਫਰਕ ਨਹੀਂ ਸੀ।

ਉਸ ਮੁਲਾਕਾਤ ਦੌਰਾਨ ਅਸੀਂ ਕਈ ਤਰਾਂ ਦੇ ਲਜ਼ੀਜ ਪਕਵਾਨਾਂ ਦਾ ਅਨੰਦ ਲਿਆ। ਹਾਸੇ ਮਜ਼ਾਕ ਕੀਤੇ। ਕਰੀਬ ਦੋ ਢਾਈ ਘੰਟੇ ਇਕੱਠਿਆਂ ਗੁਜ਼ਾਰੇ। ਇਹ ਬਹੁਤ ਵਕਤ ਹੁੰਦਾ ਸੀ। ਕਿਸੇ ਤੇ ਵੀ ਆਪਣੀ ਛਾਪ ਛੱਡਣ ਦਾ। ਤੇ ਮੈਨੂੰ ਯਕੀਨ ਸੀ ਕਿ ਮੇਰੀ ਛਾਪ ਰੀਤ ਤੇ ਛੱਪ ਚੁੱਕੀ ਹੈ। ਉਹ ਮੈਨੂੰ ਅਲਵਿਦਾ ਕਹਿ ਆਪਣੇ ਘਰ ਚਲੀ ਗਈ ਤੇ ਮੈਂ ਆਪਣੇ ਘਰ ਆ ਗਿਆ। ਰਾਤ ਨੂੰ ਸਾਡੀ ਫੋਨ ਤੇ ਕੋਈ ਗੱਲਬਾਤ ਨਾ ਹੋਈ।

ਅਗਲੀ ਸਵੇਰ ਮੈਂ ਕਰੀਬ ਛੇ ਵਜੇ ਉੱਠਿਆ। ਫੋਨ ਦੇਖਿਆ ਤਾਂ ਕਰੀਬ ਦਸ ਬਾਰਾਂ ਸੰਦੇਸ਼ ਸਨ। ਤੇ ਸਾਰੇ ਦੇ ਸਾਰੇ ਰੀਤ ਦੇ। ਮੈਂ ਆਪਣੀ ਸੋਚ ਅਨੁਸਾਰ ਬਿਲਕੁਲ ਠੀਕ ਸੀ। ਉਹ ਸਾਰੀ ਰਾਤ ਮੇਰੇ ਬਾਰੇ ਸੋਚਦੀ ਰਹੀ ਹੋਵੇਗੀ ਤੇ ਮੇਰੇ ਨਾਲ ਪਿਆਰ ਪਾ ਲਿਆ ਹੋਵੂ। ਮੇਰੇ ਲਈ ਇਹ ਆਮ ਗੱਲ ਸੀ। ਏਵੇਂ ਹੀ ਹੋਇਆ। ਉਸਨੇ ਸਾਰੇ ਸੰਦੇਸ਼ਾ ਵਿੱਚ ਮੇਰੀਆਂ ਤਰੀਫਾਂ ਕੀਤੀਆਂ। ਮੇਰਿਆਂ ਵਿਚਾਰਾਂ ਨੂੰ ਅਪਣਾਉਣ ਬਾਰੇ ਕਿਹਾ। ਮੇਰੇ ਲਈ ਵੱਧਦੇ ਜਾ ਰਹੇ ਪਿਆਰ ਦਾ ਪ੍ਰਗਟਾਵਾ ਕੀਤਾ। ਜਿਵੇਂ ਮੈਂ ਪਹਿਲਾਂ ਜਾਣਦਾ ਸੀ ਕਿ ਏਵੇਂ ਹੀ ਹੋਵੇਗਾ। ਮੈਂ ਬਿਨਾਂ ਕੋਈ ਦੇਰੀ ਕੀਤੇ ਇੱਕ ਖਿੜਦੇ ਚਿਹਰੇ ਵਾਲਾ ਚਿੱਤਰ ਭੇਜਿਆ ਤੇ ਉਸਦੀ ਹਾਂ ਵਿੱਚ ਹਾਂ ਮਿਲਾਈ। ਮੈਂ ਆਪਣੀਆਂ ਯੋਜਨਾਵਾਂ ਅਨੁਸਾਰ ਹੁਣ ਤੱਕ ਖਰਾ ਉੱਤਰਿਆਂ ਸੀ।

ਉਸਦੇ ਪਿਆਰ ਦੀ ਹੱਦ ਦਿਨੋਂ ਦਿਨ ਵੱਧ ਰਹੀ ਸੀ। ਉਹ ਸਾਰਾ ਸਾਰਾ ਦਿਨ ਮੇਰੇ ਨਾਲ ਫੋਨ ਤੇ ਗੱਲ ਕਰਦੀ। ਮੈਨੂੰ ਇਹ ਦੇਖ ਬਹੁਤ ਤਸੱਲੀ ਹੁੰਦੀ। ਇਹੀ ਤਾਂ ਚਾਹੁੰਦਾ ਸੀ ਮੈਂ। ਉਸ ਦਾ ਮੇਰੇ ਪ੍ਰਤੀ ਵੱਧਦਾ ਪਿਆਰ ਚਰਨ ਸੀਮਾਂ ਤੇ ਸੀ ਤਾਂ ਮੈਂ ਦੇਰੀ ਨਾ ਕਰਦੇ ਹੋਏ ਉਸਨੂੰ ਮਿਲਣ ਲਈ ਕਿਹਾ। ਪਹਿਲਾਂ ਇੱਕ ਦੋ ਵਾਰ ਉਸਨੇ ਨਾਂਹ ਕੀਤੀ। ਪਰ ਮੇਰੇ ਪਿਆਰ ਨੂੰ ਸੱਚ ਮੰਨ

ਤੇ ਵਿਆਹ ਦੇ ਝਾਂਸੇ ਨੂੰ ਨਾ ਸਮਝ ਉਸਨੇ ਮਿਲਣ ਲਈ ਹਾਂ ਕਰ ਦਿੱਤੀ। ਅਸੀਂ ਇੱਕ ਦਿਨ ਤੈਅ ਕਰ ਲਿਆ। ਮੈਂ ਨਹੀਂ ਜਾਣਦਾ, ਉਹ ਘਰ ਕੀ ਬਹਾਨਾ ਲਾ ਕੇ ਆਈ ਹੋਵੇਗੀ। ਮੈਨੂੰ ਕੋਈ ਫਰਕ ਨਹੀਂ ਸੀ ਪੈਂਦਾ। ਮੈਨੂੰ ਤਾਂ ਬਸ ਹਵਸ ਨਜ਼ਰ ਆ ਰਹੀ ਸੀ। ਸਵੇਰੇ ਕਰੀਬ ਦਸ ਵਜੇ ਦਾ ਸਮਾਂ ਸੀ। ਉਹ ਬਹੁਤ ਖ਼ੂਬਸੂਰਤ ਲੱਗ ਰਹੀ ਸੀ। ਮੈਂ ਤਾਂ ਉਸ ਨੂੰ ਆਪਣੀਆਂ ਅੱਖਾਂ ਨਾਲ ਹੀ ਨੋਚ ਖਾਣ ਲਈ ਤਿਆਰ ਸੀ। ਕੱਦ ਕਰੀਬ ਪੰਜ ਫੁੱਟ ਸੱਤ ਜਾਂ ਅੱਠ ਇੰਚ ਹੋਵੇਗਾ। ਮੈਨੂੰ ਮੇਰੇ ਤੋਂ ਮਾਸਾ ਉੱਚੀ ਜਾਪਦੀ ਸੀ। ਭਰਿਆ ਹੋਇਆ ਸਢੋਲ ਸਰੀਰ ਜਿਵੇਂ ਕਿਸੇ ਮੂਰਤੀਕਾਰ ਨੇ ਇੱਕ ਇੱਕ ਅੰਗ ਨੂੰ ਬੜੀ ਰੀਝ ਨਾਲ ਘੜਿਆ ਹੋਵੇ। ਉਸਨੇ ਲਾਲ ਰੰਗ ਦਾ ਬੂਟੀਆਂ ਵਾਲਾਂ ਸੂਟ ਪਾਇਆ ਤੇ ਪੈਰੀ ਸਾਦੀ ਪੰਜਾਬੀ ਜੁੱਤੀ ਪਾਈ ਹੋਈ ਸੀ। ਸੋਹਣੀ ਬਹੁਤ ਸੀ। ਉਸਦੀਆਂ ਛਾਤੀਆਂ ਦੇ ਉਭਾਰ ਤੇ ਤਨ ਦੀ ਬਨਾਵਟ ਕਾਰਨ ਮੇਰੀ ਉਤੇਜਨਾ ਵਧ ਰਹੀ ਸੀ। ਮੈਂ ਉਸਨੂੰ ਮਿਲਿਆ। ਉਸਦੀਆਂ ਅੱਖਾਂ ਵਿੱਚ ਖੁਸ਼ੀ ਦੀ ਚਮਕ ਸੀ। ਤੇ ਮੇਰੀਆਂ ਅੱਖਾਂ ਵਿੱਚ ਹਵਸ ਦੀ।

ਮੈਂ ਉਸ ਵੱਲ ਵੇਖ ਏਨਾ ਜਿਆਦਾ ਉਤੇਜਿਤ ਹੋ ਗਿਆ ਕਿ ਬਿਨਾਂ ਦੇਰੀ ਕੀਤੇ ਉਸਨੂੰ ਬਿਨਾਂ ਕੁਝ ਪੁੱਛੇ, ਦੱਸੇ, ਇੱਕ ਹੋਟਲ ਵਿੱਚ ਲੈ ਗਿਆ। ਉਸ ਦਿਨ ਨੂੰ ਸਬਦਾਂ ਵਿੱਚ ਬਿਆਨ ਕਰਨਾ ਮੇਰੇ ਵੱਸ ਵਿੱਚ ਨਹੀਂ। ਮੈਂ ਬਸ ਮਸਤ ਹੋ ਗਿਆ। ਉਸ ਨੇ ਜ਼ਰਾ ਵੀ ਮੇਰੀ ਵਿਰੋਧਤਾ ਨਾ ਕੀਤੀ। ਤੇ ਮੇਰੀ ਹਵਸ ਨੂੰ ਪਿਆਰ ਸਮਝਿਆ। ਮੈਂ ਇੱਕ ਭਰਪੂਰ ਜਿਸਮ ਨਾਲ ਖੇਡ ਰਿਹਾ ਸੀ ਤੇ ਉਹ ਪਿਆਰ ਦੇ ਅਨੰਦ ਨਾਲ ਭਰਪੂਰ ਸੀ। ਸਾਰਾ ਦਿਨ ਇੱਕ ਦੂਜੇ ਦੀਆਂ ਬਾਹਾਂ ਵਿੱਚ ਗੁਜ਼ਰ ਗਿਆ। ਸ਼ਾਮ ਹੋਈ, ਅਸੀਂ ਘਰ ਜਾਣ ਲਈ ਕਮਰੇ ਤੋਂ ਬਾਹਰ ਆਏ। ਮੈਨੂੰ ਅਲਵਿਦਾ ਕਹਿਣ ਦੌਰਾਨ ਉਸਦੀਆਂ ਅੱਖਾਂ ਵਿੱਚ ਪਿਆਰ ਦੇ ਨਾਲ ਨਾਲ ਸ਼ਰਮ ਤੇ ਕੁਝ ਖੋ ਜਾਣ ਦਾ ਅਹਿਸਾਸ ਵੀ ਸੀ। ਪਰ ਮੈਨੂੰ ਹਵਸ ਦੇ ਪੁਜਾਰੀ ਨੂੰ ਨਾ ਪਿਆਰ ਸੀ, ਨਾ ਸ਼ਰਮ ਸੀ, ਨਾ ਕਿਸੇ ਚੀਜ ਦੇ ਖੋ ਜਾਣ ਦਾ ਅਹਿਸਾਸ ਤੇ ਨਾ ਹੀ ਖ਼ੁੱਦ ਦੇ ਕੰਮਾਂ ਤੇ ਰੋਸ। ਅਸੀਂ ਆਪੋ ਆਪਣੇ ਘਰ ਚਲੇ ਗਏ।

ਉਸਨੇ ਘਰ ਪਹੁੰਚਦੇ ਹੀ ਮੈਨੂੰ ਸੰਦੇਸ਼ ਭੇਜਿਆ। ਮੈਂ ਵੀ ਜੁਆਬ ਦਿੱਤਾ। ਉਸਦੇ ਸੰਦੇਸ਼ ਵਿੱਚ ਬਹੁਤ ਸਾਰਾ ਪਿਆਰ ਦਿਖਾਈ ਦੇਂਦਾ ਸੀ ਤੇ ਮੇਰੇ ਸੰਦੇਸ਼ ਵਿੱਚ ਪਿਆਰ ਲਈ ਸਿਰਫ ਦਿਖਾਵਾ। ਅਸੀਂ ਹੋਰ ਗੱਲਾਂ ਕੀਤੀਆਂ। ਉਹ ਬਹੁਤ ਖੁਸ਼ ਸੀ। ਫਿਰ ਸ਼ੁਭ ਰਾਤਰੀ ਦਾ ਸੰਦੇਸ਼ ਭੇਜ ਅਸੀਂ ਸੌਂ ਗਏ। ਏਸੇ ਤਰਾਂ ਹੀ ਕਈ ਦਿਨ ਗੱਲਬਾਤ ਹੁੰਦੀ ਰਹੀ। ਅਸੀਂ ਬਹੁਤ ਵਾਰ ਜਿਸਮਾਨੀ ਹੋਏ। ਪਰ ਉਸਦੇ ਮੇਰੇ ਨਾਲ ਵਿਆਹ ਦੇ ਸੁਪਨੇ ਦੇਖ ਮੈਂ ਉਸ ਤੋਂ ਦੂਰ ਹੋਣਾ ਸ਼ੁਰੂ ਕਰ ਦਿੱਤਾ। ਉਹ ਦਿਨ ਵਿੱਚ ਪੰਜਾਹ ਸੰਦੇਸ਼ ਭੇਜਦੀ ਪਰ ਮੈਂ ਕਿਸੇ ਦਾ ਜੁਆਬ ਨਾ ਦੇਂਦਾ। ਉਹ ਫੋਨ ਕਰਦੀ ਮੈਂ ਫੋਨ ਵੀ ਨਾ ਚੁੱਕਦਾ। ਬਹੁਤੀ ਵਾਰ ਫੋਨ ਬੰਦ ਕਰ ਦੇਂਦਾ। ਮੈਂ ਉਸ ਤੋਂ ਤੰਗ ਆ ਚੁੱਕਾ ਸੀ। ਕਈ ਕਈ ਬਹਾਨੇ ਘੜ ਉਸ ਤੋਂ ਦੂਰ ਰਹਿੰਦਾ। ਮੈਂ ਉਸ ਤੋਂ ਪਿੱਛਾ ਛਡਾਉਣ ਲਈ ਦੂਸਰੇ ਸ਼ਹਿਰ ਕੰਮ ਲਈ ਚਲਾ ਗਿਆ ਤੇ ਆਪਣਾ ਨੰਬਰ ਬਦਲ ਦਿੱਤਾ। ਉਸ ਤੋਂ ਬਾਅਦ ਕਦੇ ਉਸਦੀ ਸਾਰ ਨਾ ਲਈ। ਦੂਸਰੇ ਸ਼ਹਿਰ ਵਿੱਚ ਮੈਂ ਇੱਕ ਮਕਾਨ ਕਿਰਾਏ ਤੇ ਲੈ ਲਿਆ। ਮੈਨੂੰ ਇੱਥੇ ਰਹਿੰਦਿਆਂ ਕਰੀਬ ਡੇਢ ਸਾਲ ਹੋ ਚੁਕਾ ਸੀ। ਕਾਰੋਬਾਰ ਵਿੱਚ ਵਿਅਸਤ ਹੋ ਗਿਆ। ਸਮੇਂ ਦਾ ਪਤਾ ਹੀ ਨਾ ਲੱਗਾ ਕਦੋਂ ਬੀਤ ਗਿਆ।

ਮੈਂ ਅਕਸਰ ਛੁੱਟੀ ਵਾਲੇ ਦਿਨ ਸ਼ਹਿਰ ਘੁੰਮਣ ਚਲਾ ਜਾਂਦਾ। ਇੱਕ ਪਾਰਕ ਮੈਨੂੰ ਖਾਸ ਪਸੰਦ ਸੀ। ਉੱਥੇ ਜਾਂ ਘੰਟਿਆਂ ਬੱਧੀ ਬੈਠੇ ਰਹਿਣਾ ਤੇ ਲੋਕਾਂ ਨੂੰ ਤਾੜਨਾ। ਖਾਸ ਕਰ ਔਰਤਾਂ ਨੂੰ। ਪਾਰਕ ਮੇਰੇ ਕਿਰਾਏ ਦੇ ਮਕਾਨ ਤੋਂ ਬਹੁਤੀ ਦੂਰ ਨਹੀਂ ਸੀ।

ਉੱਥੇ ਬੱਚੇ ਵੀ ਖੇਡਦੇ ਤੇ ਬਜ਼ੁਰਗ ਵੀ। ਮਾਹੋਲ ਖੂਬਸੂਰਤ ਲੱਗਦਾ ਸੀ। ਮੌਸਮ ਭਾਵੇਂ ਕੋਈ ਵੀ ਹੋਵੇ। ਮੈਂ ਉੱਥੇ ਦੇਰ ਤੱਕ ਬੈਠਾ ਰਹਿੰਦਾ ਬਿਨਾਂ ਕਿਸੇ ਨਾਲ ਗੱਲ ਬਾਤ ਕੀਤੇ। ਇਵੇਂ ਹੀ ਛੁੱਟੀ ਵਾਲੇ ਦਿਨ ਮੈਂ ਇੱਕ ਕਿਤਾਬ ਲੈ ਪਾਰਕ ਵਿੱਚ ਚਲਾ ਗਿਆ ਇਹ ਕਿਤਾਬ ਮੈਨੂੰ ਮੇਰੇ ਇੱਕ ਦੋਸਤ ਨੇ ਜਨਮਦਿਨ ਤੇ ਤੋਹਫੇ ਵਜੋਂ ਦਿੱਤੀ ਸੀ। ਉਹ ਮੇਰੀ ਔਰਤਾਂ ਪ੍ਰਤੀ ਹਵਸ ਤੋਂ ਚੰਗੀ ਤਰਾਂ ਵਾਕਿਫ ਸੀ। ਇਹ ਕਿਤਾਬ ਔਰਤਾਂ ਤੇ ਹੋ ਰਹੇ ਅੱਤਿਆਚਾਰ ਤੇ ਸ਼ੋਸ਼ਣ ਤੋਂ ਜਾਣੂ ਕਰਵਾਉਂਦੀ ਸੀ। ਸ਼ਾਇਦ ਉਸਨੇ ਮੇਰੇ ਵਿਵਹਾਰ ਨੂੰ ਦੇਖ ਹੀ ਇਹ ਕਿਤਾਬ ਮੈਨੂੰ ਪੜਨ ਲਈ ਦਿੱਤੀ ਸੀ। ਜਿਸਦੀ ਲੇਖਿਕਾ ਸੁਖਵੀਰ ਕੌਰ ਸੀ। ਮੈਂ ਕਿਤਾਬ ਪੜਨ ਲੱਗਾਂ। ਤਿੰਨ ਚਾਰ ਪੰਨੇ ਹੀ ਪੜੇ ਕਿ ਇੱਕ ਕੁੜੀ ਮੇਰੇ ਕੋਲ ਆ ਬੈਠ ਗਈ। ਮੈਂ ਆਪਣੇ ਧਿਆਨ ਪੜ ਰਿਹਾ ਸੀ। ਜਦੋਂ ਉਹ ਬੈਠੀ ਤਾਂ ਮੈਨੂੰ ਅਹਿਸਾਸ ਹੋਇਆ ਕਿ ਕੋਈ ਨੇੜੇ ਆਇਆ ਹੈ। ਮੈਂ ਉਸ ਵੱਲ ਤੱਕਿਆ ਤੇ ਉਹ ਮੇਰੇ ਵੱਲ ਦੇਖ ਮੁਸਕਰਾਈ। ਮੈਂ ਵੀ ਜੁਆਬ ਵਿੱਚ ਮੁਸਕਰਾਇਆ। ਮੈਂ ਫਿਰ ਤੋਂ ਕਿਤਾਬ ਪੜਨ ਲੱਗਾ। ਕਿਤਾਬ ਚੰਗੀ ਲੱਗ ਰਹੀ ਸੀ। ਕੋਲ ਬੈਠੀ ਕੁੜੀ ਬੋਲੀ..

ਲੱਗਦਾ ਪੜਦੇ ਬਹੁਤ ਹੋ ਆਪ?

ਮੈਂ - ਨਹੀਂ, ਪਹਿਲੀ ਵਾਰ ਕੁਝ ਪੜ ਰਿਹਾ ਹਾਂ। ਮੇਰੇ ਇੱਕ ਦੋਸਤ ਨੇ ਜਨਮਦਿਨ ਤੇ ਦਿੱਤੀ ਸੀ।

ਕੁੜੀ - ਕਿਵੇਂ ਦੀ ਲੱਗੀ ਫਿਰ?

ਮੈਂ - ਅਜੇ ਤਾਂ ਬਸ ਸ਼ੁਰੂ ਕੀਤੀ ਹੈ। ਵੈਸੇ ਵਧੀਆ ਲੱਗ ਰਹੀ ਏ। ਆਪ ਨੇ ਪੜੀ ਇਹ?

ਕੁੜੀ - ਹਾਂਜੀ।

ਮੈਂ - ਕਿਵੇਂ ਦੀ ਲੱਗੀ?

ਕੁੜੀ - ਮੈਨੂੰ ਤਾਂ ਠੀਕ ਲੱਗੀ। ਬਾਕੀ ਸਭ ਦੀ ਆਪੋ ਆਪਣੀ ਸੋਚ ਹੈ। ਠੀਕ ਹੈ ਵੈਸੇ ਆਪ ਪੂਰੀ ਪੜੋਗੇ ਤਾਂ ਸ਼ਾਇਦ ਫਿਰ ਨਿਸਚਾ ਕਰ ਸਕੋ ਇਸ ਬਾਰੇ।

ਮੈਂ - ਹਾਂਜੀ। ਪੜਨ ਵਿੱਚ ਤਾਂ ਵਧੀਆ ਲੱਗ ਰਹੀ। ਬਾਕੀ ਰੁਚੀ ਬਣੀ ਰਹੀ ਤਾਂ ਜਲਦੀ ਖਤਮ ਕਰ ਦੇਵਾਂਗਾ।

ਕੁੜੀ - ਹਾਂਜੀ। ਇਹ ਤਾਂ ਹੈ।

ਮੈਂ - ਆਪ ਇੱਥੇ ਅਕਸਰ ਆਉਂਦੇ ਹੋ?

ਕੁੜੀ - ਹਾਂ ਕਦੇ ਕਦੇ ਆ ਜਾਈਦਾ। ਜਿਆਦਾਤਰ ਐਤਵਾਰ ਹੀ। ਉਂਞ ਜਦੋਂ ਛੁੱਟੀ ਹੋਵੇ। ਆਪ?

ਮੈਂ - ਮੈਂ ਇੱਥੇ ਕੋਲ ਹੀ ਰਹਿੰਦਾ ਹਾਂ। ਇੱਕ ਕੰਪਨੀ ਵਿੱਚ ਕੰਮ ਕਰਦਾ। ਬਸ ਛੁੱਟੀ ਵਾਲੇ ਦਿਨ ਇੱਥੇ ਆ ਜਾਂਦਾ। ਜੀਅ ਲੱਗਾ ਰਹਿੰਦਾ।

ਕੁੜੀ - ਠੀਕ ਆ। ਕੀ ਨਾਮ ਆਪਦਾ?

ਮੈਂ - ਪ੍ਰੀਤ। ਆਪਦਾ?

ਕੁੜੀ - ਸੁਖ।

ਮੈਂ - ਅੱਛਾ ਜੀ।

ਕੁੜੀ - ਚਲੋ ਪੜੋ ਆਪ। ਫਿਰ ਮਿਲਦੇ ਕਿਤੇ।

ਮੈਂ - ਚੰਗਾ ਜੀ।

ਏਨਾ ਆਖ ਉਹ ਉੱਠ ਕੇ ਚਲੀ ਗਈ ਤੇ ਮੈਂ ਉਸਦੇ ਬਾਰੇ ਬਹੁਤਾ ਕੁਝ ਨਾ ਸੋਚਿਆ। ਮੇਰਾ ਧਿਆਨ ਕਿਤਾਬ ਵਿੱਚ ਸੀ। ਕਿਤਾਬ ਦੇ ਸਬਦ ਮੇਰੇ ਤੇ ਡੂੰਘਾ ਅਸਰ ਪਾ ਰਹੇ ਸਨ। ਮੈਨੂੰ ਉੱਥੇ ਪੜਦੇ ਨੂੰ ਹੀ ਸ਼ਾਮ ਹੋ ਗਈ। ਹਨੇਰਾ ਹੋਣ ਲੱਗਾ। ਪਰ ਕਿਤਾਬ ਅਜੇ ਵੀ ਬਾਕੀ ਸੀ। ਮੈਂ ਆਪਣੇ ਮਕਾਨ ਵਿੱਚ ਗਿਆ ਤੇ ਰੋਟੀ ਪਾਣੀ ਖਾ ਫਿਰ ਤੋਂ ਪੜਨ ਲੱਗਾ। ਇਹ ਕਿਤਾਬ ਮੈਨੂੰ ਮੇਰੇ ਦੁਆਰਾ ਕੀਤੇ ਗਏ ਔਰਤਾਂ ਦੇ ਸ਼ੋਸ਼ਣ ਤੋਂ ਜਾਣੂ ਕਰਵਾ ਰਹੀ ਸੀ। ਮੇਰੇ ਜਾਣ ਬੁੱਝ ਕੇ ਕੀਤੇ ਗਏ ਜੁਰਮਾਂ ਦਾ ਸਬੂਤ ਇਹ ਕਿਤਾਬ ਸੀ। ਕਿਤਾਬ ਖਤਮ ਹੋ ਗਈ। ਮੈਂ ਰੋਣ ਹਾਕਾ ਹੋ ਗਿਆ ਕਿ ਆਪਣੀ ਜਿੰਦਗੀ ਵਿੱਚ ਮੈਂ ਕਿਸ ਨਜ਼ਰ ਨਾਲ ਪਰਾਈਆਂ ਔਰਤਾਂ ਨਾਲ ਵਿਵਹਾਰ ਕੀਤਾ। ਕਈ ਦਿਨ ਏਸੇ ਬਾਰੇ ਸੋਚਦਾ ਰਿਹਾ। ਕਿਤਾਬ ਵਿੱਚ ਕਈ ਕਵਿਤਾਵਾਂ ਸਨ ਜੋ ਔਰਤਾਂ ਦੇ ਹਰ ਪੱਖ ਨੂੰ ਬਿਆਨ ਕਰਦੀ ਹੈ। ਜਿਸ ਨੇ ਮੈਨੂੰ ਔਰਤਾਂ ਪ੍ਰਤੀ ਸਨਮਾਨ ਕਰਨ ਲਈ ਪ੍ਰੇਰਿਆ। ਇਹ ਹੈ ਉਹ ਕਵਿਤਾ।

**ਮੈਂ ਇੱਕ ਔਰਤ ਹਾਂ,**

**ਮੈਂ ਇੱਕ ਧੀ ਹਾਂ,**

**ਇੱਕ ਭੈਣ ਹਾਂ,**

**ਇੱਕ ਪਤਨੀ ਹਾਂ,**

**ਇੱਕ ਮਾਂ ਹਾਂ,**

**ਹੋਰ ਕਈ ਰੂਪ ਦੀ ਸ਼ਹੁਰਤ ਹਾਂ,**

**ਮੈਂ ਇੱਕ ਔਰਤ ਹਾਂ।**

ਮੈਂ ਜਦ ਨਵ ਜੰਮੀ ਸੀ,

ਮੇਰਾ ਬਾਬੁਲ ਨਾ-ਖੁਸ਼ ਹੋਇਆ ਸੀ,

ਜਦ ਹੋਈ ਕੁਝ ਜੁਆਨ ਤਾਂ,

ਹਰ ਮਰਦ ਵੇਖ ਕੇ ਖੋਇਆ ਸੀ,

ਮੇਰੇ ਅੰਗ ਪ੍ਰਦਰਸ਼ਨੀ ਲੱਗਦੇ ਸੀ,

ਜਦ ਸੱਜਣਾਂ ਮੈਨੂੰ ਟੋਹਿਆ ਸੀ,

ਦੇਖ ਖੁਦ ਦੀ ਹਾਲਤ ਤਰਸ ਆਵੇ,

ਮਨ ਅੰਦਰੋਂ-ਅੰਦਰੀਂ ਰੋਇਆ ਸੀ,

ਸਭ ਸਮਝਣ ਮੈਨੂੰ ਕੋਈ ਫਰਕ ਨਹੀਂ,

ਇਹ ਮੰਨਦੀ ਆਪਣੀ ਸ਼ਹੁਰਤ ਹਾਂ,

ਮੈਂ ਇੱਕ ਔਰਤ ਹਾਂ।

ਮੈਂ ਆਪਣੀ ਕੁੱਖ ਤੋਂ ਆਦਮੀ ਜਣਨੇ ਨੇ,

ਖੁੱਦ ਨੂੰ ਹੀ ਨੋਚ ਖਾਵਣ ਲਈ,

ਕਿੰਨੇ ਹੀ ਪਰਦੇ ਕਰਦੀ ਹਾਂ,

ਆਪਣੀ ਇੱਜ਼ਤ ਬਚਾਵਣ ਲਈ,

ਮੈਂ ਸਾਕ ਨਿਭਾਵਾਂ ਰੋਹਬ ਵੀ ਝੱਲਾਂ,

ਉਹ ਬੈਠੇ ਮੈਨੂੰ ਢਾਵਣ ਲਈ,

ਮੈਂ ਫਿਰ ਵੀ ਆਦਰ ਕਰਦੀ ਹਾਂ,

ਆਪਣਾ ਪੀਰ ਮਨਾਵਣ ਲਈ,

ਇਹ ਪੀੜ ਝੱਲਣ ਦੇ ਬਾਅਦੋਂ ਵੀ,

ਮੈਂ ਸਮਝਦੀ ਆਪਣੀ ਸ਼ਹੁਰਤ ਹਾਂ,

ਮੈਂ ਇੱਕ ਔਰਤ ਹਾਂ।

ਮੈਂ ਖੁਦ ਦੀ ਦੁਸ਼ਮਣ ਬਣ ਜਾਂਦੀ,

ਜਦ ਝੱਲਦੀ ਸਿਤਮ ਹਜ਼ਾਰਾਂ ਹਾਂ,

ਮੈਂ ਮਾਸ਼ੂਕ ਬਣਾਂ ਜਾਂ ਪਤਨੀ ਫਿਰ,

ਦਿਖਦੀ ਇਕ ਮੁਜਾਰਾ ਹਾਂ,

ਮੈਨੂੰ ਆਜ਼ਾਦ ਹੋਣ ਦਾ ਹੁਕਮ ਨਹੀਂ,

ਮਰਦਾਂ ਲਈ ਬਸ ਗਵਾਰਾ ਹਾਂ,

ਉਹਨਾਂ ਦੀ ਇਸ ਆਜ਼ਾਦੀ ਦਾ,

ਮੈਂ ਹੀ ਤਾਂ ਇਕ ਦੁਆਰਾ ਹਾਂ,

ਕਿੰਨੇ ਕੁ ਗੁਣ ਗਿਣਾਵਾਂ ਮੈਂ,

ਮੈਂ ਹਰ ਗੁਣ ਭਰਪੂਰ ਸ਼ਹੁਰਤ ਹਾਂ,

ਮੈਂ ਇਕ ਔਰਤ ਹਾਂ।

ਵੈਸੇ ਮੇਰੀ ਕੁਝ ਤਾਂ ਇੱਜ਼ਤ ਹੋਈ ਏ,

ਜਦ ਪੀਰ ਪੈਗੰਬਰਾਂ ਮੈਨੂੰ ਪੂਜਿਆ ਸੀ,

ਮਹਾਨ ਮਰਦਾਂ ਦੀ ਮਾਂ ਹੋਣ ਤੇ,

**ਮੇਰਾ ਹੀ ਨਾਂ ਗੂੰਜਿਆ ਸੀ,**

**ਮੈਂ ਜਗਜਣਨੀ, ਪਾਪ ਹਰਣੀ ਹੋਈ,**

**ਜਦ ਜੱਗ ਨੂੰ ਲਾਇਆ ਖੂੰਜਿਆ ਸੀ,**

**ਸਭ ਮਾਣ ਅਪਮਾਨ ਸਵੀਕਾਰ ਮੈਨੂੰ,**

**ਜੋ ਵੀ ਅੱਜ ਤੱਕ ਹੂੰਝਿਆ ਸੀ,**

**ਮੇਰੇ ਬਿਨਾਂ ਇਹ ਸੰਸਾਰ ਨਹੀਂ,**

**ਮੈਂ ਹੀ ਸਭ ਦੀ ਸ਼ਹੁਰਤ ਹਾਂ,**

**ਮੈਂ ਇੱਕ ਔਰਤ ਹਾਂ,**

**ਮੈਂ ਇੱਕ ਧੀ ਹਾਂ,**

**ਇੱਕ ਭੈਣ ਹਾਂ,**

**ਇੱਕ ਪਤਨੀ ਹਾਂ,**

**ਇੱਕ ਮਾਂ ਹਾਂ,**

**ਹੋਰ ਕਈ ਰੂਪ ਦੀ ਸ਼ਹੁਰਤ ਹਾਂ,**

**ਮੈਂ ਇੱਕ ਔਰਤ ਹਾਂ।**

ਇਸ ਕਵਿਤਾ ਦੀਆਂ ਸਤਰਾਂ ਮੇਰੇ ਮਨ ਨੂੰ ਬਾਰ ਬਾਰ ਟੋਲਦੀਆਂ ਸਨ। ਲਾਹਨਤਾਂ ਪਾਉਂਦੀਆਂ ਸਨ। ਮੇਰੀ ਮਰ ਚੁੱਕੀ ਜ਼ਮੀਰ ਉਠਾਉਣ ਦੀ ਜੱਦੋ ਜਹਿਤ ਕਰ ਰਹੀਆਂ ਸਨ। ਮੈਂ ਮਾਨਸਿਕ ਰੂਪ ਵਿੱਚ ਉਸ ਕਿਤਾਬ ਦਾ ਸ਼ਿਕਾਰ ਹੋ ਚੁਕਾ ਸੀ। ਜੋ ਕਿ ਇੱਕ ਚੰਗੀ ਗੱਲ ਸੀ। ਮੈਂ ਹੋਰ ਕਿਤਾਬਾਂ ਵੀ ਪੜਨ ਲੱਗਾ। ਫਿਰ ਇੱਕ ਦਿਨ ਕੰਮ ਤੋਂ ਛੁੱਟੀ ਹੋਣ ਤੇ ਮੈਂ ਓਸੇ ਹੀ ਪਾਰਕ ਵਿੱਚ ਇੱਕ ਨਵੀਂ ਕਿਤਾਬ ਲੈ ਚਲਾ ਗਿਆ। ਮੈਨੂੰ ਇੰਜ ਲੱਗ ਰਿਹਾ ਸੀ ਜਿਵੇਂ ਮੈਂ ਪਹਿਲੀ ਵਾਰ ਪਾਰਕ ਵਿੱਚ ਆਇਆ ਹੋਵਾਂ। ਹਰ ਤਰਫ ਖ਼ੂਬਸੂਰਤ ਨਜ਼ਾਰਾ ਸੀ। ਜਿੰਨਾਂ ਔਰਤਾਂ ਨੂੰ ਮੈਂ ਸਿਰਫ ਹਵਸ ਦੀ ਨਜ਼ਰ ਨਾਲ ਦੇਖਦਾ ਸੀ। ਅੱਜ ਉਹਨਾਂ ਦਾ ਅਲੱਗ ਹੀ ਰੂਪ ਦੇਖਣ ਨੂੰ ਮਿਲ ਰਿਹਾ ਸੀ। ਔਰਤਾਂ ਤਾਂ ਓਹੀ ਸਨ ਪਰ ਮੇਰੀ ਸੋਚ ਉਹ ਨਹੀਂ ਸੀ ਤੇ ਨਾ ਹੀ ਨਜ਼ਰ।

ਮੈਂ ਖੁਸ਼ ਸੀ ਆਪਣੀ ਇਸ ਨਵੀਂ ਸੋਚ ਦੇ ਲਈ। ਪਰ ਮੈਂ ਕਦੇ ਭੁੱਲਿਆਂ ਨਹੀਂ ਕਿ ਮੈਂ ਇੱਕ ਮੁਜਿਰਮ ਹਾਂ। ਕਈ ਬੇਗੁਨਾਹ ਔਰਤਾਂ ਦਾ। ਜਿੰਨਾਂ ਦੇ ਮੈਂ ਜਿਸਮ ਨਾਲ ਖੇਡਿਆ, ਪਿਆਰ ਨਾਲ ਖੇਡਿਆ ਤੇ ਭਾਵਨਾਵਾਂ ਨਾਲ ਖੇਡਿਆਂ। ਪਰ ਹੁਣ ਮੈਂ ਬਦਲ ਰਿਹਾ ਸੀ। ਮੈਂ ਇੱਕ ਨਵੀ ਕਿਤਾਬ ਪੜਨ ਬੈਠਾ। ਪਰ ਪਾਰਕ ਦੀ ਰੌਣਕ ਦੇਖ ਪੜੀ ਨਾ ਗਈ। ਕਿਤਾਬ ਇੱਕ ਪਾਸੇ ਰੱਖ ਮੈਂ ਰੰਗ ਮੰਚ ਦੇਖਣ ਲੱਗਾ। ਅਚਾਨਕ ਫਿਰ ਓਹੀ ਕੁੜੀ ਮੇਰੇ ਕੋਲ ਆ ਗਈ। ਉਸਨੂੰ ਦੇਖ ਮੈਂ ਖੜ ਗਿਆਂ ਤੇ ਬੜੀ ਹੀ ਹਲੀਮੀ ਨਾਲ ਸਤਿ ਸ੍ਰੀ ਅਕਾਲ ਬੁਲਾਈ। ਉਸ ਨੇ ਵੀ ਬੜੇ ਆਦਰ ਨਾਲ ਜੁਆਬ ਦਿੱਤਾ। ਫਿਰ ਉਹ ਬੈਠ ਗਈ ਤੇ ਮੈਨੂੰ ਵੀ ਬੈਠਣ ਲਈ ਕਿਹਾ। ਸੁਖ ਨਾਮ ਸੀ ਉਸਦਾ। ਉਹ ਬੋਲੀ..

ਸੁਖ - ਹੋਰ ਕਿਵੇ ਹੋ?

ਮੈਂ - ਹਾਂਜੀ ਵਧੀਆ। ਆਪ ਕਿਵੇਂ?

ਸੁਖ - ਆਪਾ ਵੀ ਵਧੀਆ।

ਉਸਨੇ ਕੋਲ ਪਈ ਕਿਤਾਬ ਵੱਲ ਵੇਖਿਆ ਤੇ ਬੋਲੀ..

ਸੁਖ - ਨਵੀਂ ਕਿਤਾਬ। ਬੱਲੇ।

ਮੈਂ - ਹਾਂਜੀ, ਪੜਨ ਦੀ ਆਦਤ ਪਾ ਰਿਹਾ ਬਸ।

ਸੁਖ - ਪਹਿਲੀ ਕਰ ਲਈ ਖਤਮ?

ਮੈਂ - ਹਾਂਜੀ।

ਸੁਖ - ਕਿਵੇਂ ਦੀ ਸੀ।

ਮੈਂ - ਬਹੁਤ ਸੋਹਣੀ ਸੀ।

ਸੁਖ - ਬਸ ਸੋਹਣੀ?

ਮੈਂ - ਮਤਲਬ ਮੇਰੇ ਕੋਲ ਸਬਦ ਹੈਨੀ ਉਸ ਦੇ ਲਈ। ਇਹ ਉਹ ਕਿਤਾਬ ਹੈ ਜਿਸਨੇ ਮੇਰੀ ਜਿੰਦਗੀ ਨੂੰ ਨਵੀਂ ਸੇਧ ਦਿੱਤੀ। ਮੈਂ ਬਸ ਸੁਣਦਾ ਹੁੰਦਾ ਸੀ ਕਿ ਕਿਤਾਬਾਂ ਜਿੰਦਗੀ ਬਦਲ ਦੇਂਦੀਆਂ ਨੇ ਪਰ ਉਸ ਕਿਤਾਬ ਨੂੰ ਪੜ ਮੈਨੂੰ ਯਕੀਨ ਤਾਂ ਹੋਇਆ ਹੀ ਪਰ ਸੱਚ ਮੁੱਚ ਹੀ ਮੈਨੂੰ ਬਦਲ ਦਿੱਤਾ।

ਸੁਖ - ਅੱਛਾ। ਜੇ ਏਨੀ ਵਧੀਆ ਲੱਗੀ ਫਿਰ ਉਸਦੀ ਪ੍ਰਸੰਸਾਂ ਲਈ ਉਸਦੀ ਲੇਖਿਕਾ ਨਾਲ ਕਿਉਂ ਸੰਪਰਕ ਨਹੀਂ ਕੀਤਾ। ਨੰਬਰ ਤਾਂ ਹੈ ਸੀ ਉਸਦਾ ਕਿਤਾਬ ਦੇ ਆਖਰ ਵਿੱਚ ਦਿੱਤਾ ਹੋਇਆ।

ਮੈਂ - ਹਾਂ, ਪਰ ਮੈਨੂੰ ਸਮਝ ਨਹੀਂ ਕਿ ਕੀ ਕਹਾਂਗਾ ਉਸ ਬਾਰੇ। ਆਪਣੀ ਕਰਤੂਤਾਂ ਦੱਸਾਂਗਾ ਜਾਂ ਫਿਰ ਉਹਨਾਂ ਤੇ ਮਿੱਟੀ ਪਾਉਣ ਦਾ ਯਤਨ ਕਰਾਂਗਾ।

ਸੁਖ - ਪ੍ਰਸੰਸਾਂ ਵੀ ਕਰ ਸਕਦੇ ਸੀ।

ਮੈਂ - ਉਹ ਮੇਰੇ ਵੱਸ ਦੀ ਗੱਲ ਨਹੀਂ। ਹਾਂ ਧੰਨਵਾਦ ਜਰੂਰ ਕਹਾਂਗਾ। ਉਸਦੀ ਲੇਖਿਕਾ ਨੂੰ ਜੋ ਇਹ ਕਿਤਾਬ ਲਿਖੀ ਤੇ ਵਕਤ ਰਹਿੰਦੇ ਮੈਨੂੰ ਬਦਲਣ ਲਈ ਪ੍ਰੇਰਿਆ।

ਸੁਖ - ਕਰਦੋ ਫਿਰ ਧੰਨਵਾਦ।

ਮੈਂ - ਹਾਂ ਕਰ ਦੇਵਾਂਗਾ। ਕਿਤਾਬ ਤੋਂ ਨੰਬਰ ਲੈ ਸੰਦੇਸ਼ ਭੇਜਾਂਗਾ।

ਸੁਖ - ਸੰਦੇਸ਼ ਭੇਜਣ ਦੀ ਲੋੜ ਨਹੀਂ। ਆਪ ਏਦਾਂ ਵੀ ਧੰਨਵਾਦ ਕਰ ਸਕਦੇ ਹੋ।

ਮੈਂ - ਮੈਂ ਸਮਝਿਆ ਨਹੀਂ।

ਸੁਖ - ਮੈਂ ਹੀ ਹਾਂ ਉਸ ਕਿਤਾਬ ਦੀ ਲੇਖਿਕਾ।

ਮੈਂ ਅਚਨਚੇਤ ਹੋ ਉੱਠਿਆਂ। ਮੇਰੇ ਮੂੰਹ ਚੋ' ਕੋਈ ਸਬਦ ਨਾ ਨਿਕਲਿਆ। ਉਹ ਬੋਲੀ..

ਸੁਖ - ਤੁਸੀਂ ਕਿਤਾਬ ਦੀ ਲੇਖਿਕਾ ਦਾ ਨਾਮ ਨਹੀਂ ਧਿਆਨ ਨਾਲ ਪੜਿਆ। ਸੁਖਵੀਰ ਕੌਰ। ਮੈਂ ਹੀ ਹਾਂ ਉਹ।

ਉਹ ਮੁਸਕਰਾਈ। ਮੈਂ ਬੜੀ ਸਹਿਮੀ ਆਵਾਜ਼ ਚਾ ਬੋਲਿਆਂ।

ਮੈਂ - ਮੁਆਫ ਕਰਨਾ। ਮੈਂ ਸੱਚ ਮੁੱਚ ਨਹੀਂ ਸੀ ਜਾਣਦਾ। ਕਿ ਆਪ ਹੋ। ਆਪ ਨੇ ਆਪਣਾ ਪੂਰਾ ਨਾਮ ਵੀ ਨਹੀਂ ਸੀ ਨਾ ਦੱਸਿਆ। ਇਸ ਲਈ ਧਿਆਨ ਨਹੀਂ ਦਿੱਤਾ। ਉਂਝ ਵੀ ਮੇਰਾ ਧਿਆਨ ਕਿਤਾਬ ਵਿੱਚ ਜਿਆਦਾ ਸੀ। ਬਿਜਾਇ ਲੇਖਿਕਾ ਦੇ।

ਸੁਖ - ਕੋਈ ਗੱਲ ਨੀ। ਮੈਂ ਐਨੀ ਵੀ ਮਸ਼ਹੂਰ ਲੇਖਿਕਾ ਨਹੀਂ। ਬਸ ਇੱਕ ਕਿਤਾਬ ਹੀ ਤਾਂ ਲਿਖੀ ਆ।

ਮੈਂ - ਇੱਕ ਹੀ ਸਵਾ ਲੱਖ ਦੇ ਬਰਾਬਰ ਹੈ। ਮੈਂ ਸੋਚਿਆ ਵੀ ਨਹੀਂ ਸੀ ਕਿ ਇਸਦੀ ਲੇਖਿਕਾ ਨੂੰ ਮਿਲਾਂਗਾ।

ਸੁਖ - ਚਲੋ ਕੋਈ ਗੱਲ ਨੀ। ਸ਼ੁਕਰੀਆ ਆਪ ਦਾ ਜੋ ਆਪ ਨੇ ਕਿਤਾਬ ਪੜੀ।

ਮੈਂ - ਕਿਉਂ ਸ਼ਰਮਿੰਦਾ ਕਰ ਰਹੇ ਹੋ। ਆਪ ਦਾ ਜਿੰਨਾਂ ਧੰਨਵਾਦ ਕੀਤਾ ਜਾਵੇ ਘੱਟ ਹੈ। ਇਸ ਕਿਤਾਬ ਨੇ ਮੇਰੀ ਜਿੰਦਗੀ ਨੂੰ ਨਵੀਂ ਸੇਧ ਦਿੱਤੀ ਹੈ। ਮੇਰੇ ਕੋਲ ਲਫਜ਼ ਨਹੀਂ ਆਪਦਾ ਧੰਨਵਾਦ ਕਰਨ ਲਈ।

ਉਹ ਮੁਸਕਰਾਈ ਤੇ ਮੇਰੇ ਦਿਲੀ ਹਾਲਾਤ ਨੂੰ ਸਮਝਦੇ ਹੋਏ ਦਿਲਾਸਾ ਦਿੱਤਾ। ਫਿਰ ਅਸੀਂ ਕਿਤਾਬ ਬਾਰੇ ਹੋਰ ਕਈ ਗੱਲਾਂ ਕੀਤੀਆਂ। ਉਸਨੇ ਕਿਤਾਬ ਵਿੱਚ ਲਿਖੀਆਂ ਗੱਲਾਂ ਦਾ ਅਸਲ ਅਨੁਵਾਦ ਸਮਝਾਇਆ। ਮੈਂ ਬਸ ਉਸ ਨੂੰ ਸੁਣ ਰਿਹਾ ਸੀ। ਇੰਜ ਲੱਗ ਰਿਹਾ ਸੀ ਜਿਵੇਂ ਕ੍ਰਿਸ਼ਨਾ ਮਹਾਂਭਾਰਤ ਦੇ ਯੁੱਧ ਤੋਂ ਪਹਿਲਾਂ ਅਰਜੁਨ ਨੂੰ ਸੰਸਾਰ ਦੇ ਭੇਦ ਤੋਂ ਜਾਣੂ ਕਰਵਾ ਰਿਹਾ ਹੋਵੇ। ਉਸ ਦੀਆਂ ਗਿਆਨ ਭਰਪੂਰ ਗੱਲਾਂ ਤੇ ਸ਼ਬਦ ਗੀਤਾ ਦੇ ਕਥਨਾਂ ਤੋਂ ਘੱਟ ਨਹੀਂ ਸਨ। ਗੱਲਾਂ ਕਰਦੇ ਕਾਫੀ ਦੇਰ ਹੋ ਗਈ। ਉਸਨੂੰ ਕਿਸੇ ਨੇ ਆਵਾਜ਼ ਲਗਾਈ ਤੇ ਉਹ ਫਿਰ ਕਦੇ ਮਿਲਦੇ ਕਹਿ ਚਲੀ ਗਈ। ਮੈਂ ਉਸਦੀਆਂ ਗੱਲਾਂ ਬਾਰੇ ਸੋਚਦਾ ਰਿਹਾ। ਪਹਿਲੀ ਵਾਰ ਕਿਤੇ ਔਰਤ ਦੀਆਂ ਗੱਲਾਂ ਦਾ ਅਸਰ ਮੇਰੇ ਦਿਲੋਂ ਦਿਮਾਗ ਤੇ ਹੋ ਰਿਹਾ ਸੀ। ਮੈਂ ਆਪਣੇ ਮਕਾਨ ਵਿੱਚ ਗਿਆ ਤੇ ਉਸਦੇ ਬਾਰੇ ਹੀ ਸੋਚਦਾ ਰਿਹਾ। ਮੈਂ ਸੋਚਿਆ ਕਿਉਂ ਨਾ ਉਸਦੇ ਨੰਬਰ ਤੇ ਸੰਦੇਸ਼ ਭੇਜਿਆ ਜਾਵੇ। ਪਰ ਇਹ ਕਰਨਾ ਫਿਰ ਤੋਂ ਹਵਸ ਵੱਲ ਵੱਧਦਾ ਕਦਮ ਲੱਗਿਆ। ਕਈ ਦਿਨ ਬੀਤ ਗਏ। ਕੰਮ ਤੋਂ ਦੇਰੀ ਨਾਲ ਆਉਣਾ ਤੇ ਛੁੱਟੀ ਵੀ ਘੱਟ ਮਿਲਣੀ। ਪਰ ਮੈਨੂੰ ਯਾਦ ਸੀ ਉਹ ਹਰ ਐਤਵਾਰ ਪਾਰਕ ਵਿੱਚ ਜਰੂਰ ਆਉਂਦੀ ਹੈ। ਮੇਰੀ ਉਸਦੇ ਵਿਚਾਰਾਂ ਨੂੰ ਮੁੜ ਸੁਣਨ ਦੀ ਚਾਹਤ ਹੋਈ। ਮੈਂ ਉਸ ਤੋਂ ਬਾਅਦ ਕੋਈ ਹੋਰ ਕਿਤਾਬ ਪੜਨ ਦੀ ਕੋਸ਼ਿਸ਼ ਨਾ ਕੀਤੀ। ਉਸਦੀਆਂ ਗੱਲਾਂ ਦਾ ਪ੍ਰਭਾਵ ਐਨਾ ਪਿਆ ਕਿ ਮੈਂ ਗੁਰਬਾਣੀ ਪੜਨ ਲੱਗਾ। ਕੀਰਤਨ ਸੁਣਦਾ। ਖੁਦ ਵਿੱਚ ਬਦਲਾਵ ਲਿਆਉਣ ਲੱਗਾ।

ਫਿਰ ਉਹ ਦਿਨ ਮੁੜ ਆ ਗਿਆ। ਜਿਸ ਦਿਨ ਮੈਨੂੰ ਕੰਮ ਤੋਂ ਛੁੱਟੀ ਵੀ ਸੀ ਤੇ ਐਤਵਾਰ ਵੀ ਸੀ। ਮੈਂ ਤੜਕੇ ਉੱਠਿਆਂ, ਬਾਣੀ ਪੜੀ ਤੇ ਵੇਲੇ ਨਾਲ ਹੀ ਪਾਰਕ ਵਿੱਚ ਪਹੁੰਚ ਉਸਦੇ ਆਉਣ ਦੀ ਉਡੀਕ ਕਰਨ ਲੱਗਾ। ਬੜਾ ਵਕਤ ਉਡੀਕ ਕੀਤੀ। ਪਾਰਕ ਬਹੁਤ ਵੱਡੀ ਸੀ। ਮੈਂ ਕਈ ਗੇੜੇ ਮਾਰੇ ਪਰ ਉਹ ਨਜ਼ਰ ਨਾ ਆਈ। ਕਰੀਬ ਤਿੰਨ ਵੱਜ ਗਏ। ਮੈਂ ਪਹਿਲੀ ਵਾਰ ਕਿਸੇ ਦਾ ਏਨੀ ਬੇਸਬਰੀ ਨਾਲ ਇੰਤਜ਼ਾਰ ਕਰ ਰਿਹਾ ਸੀ। ਅਚਾਨਕ ਮੇਰੀ ਨਜ਼ਰ ਇੱਕ ਕੁੜੀ ਤੇ ਪਈ ਜੋ ਕਿ ਕੁਝ ਬੱਚਿਆਂ ਨਾਲ ਖੇਡ ਰਹੀ ਸੀ। ਬੱਚਿਆਂ ਦੇ ਪਿੱਛੇ ਭੱਜਦੀ ਜਾ ਰਹੀ ਸੀ ਕਾਰ ਸ਼ੈਤਾਨੀਆਂ ਕਰਦੀ ਹੋਈ। ਚਿਹਰੇ ਤੇ ਏਨੀ ਖੂਬਸੂਰਤ ਮੁਸਕਾਨ ਮਾਨੋ ਇੱਕ ਦਮ ਪਾਰਕ ਵਿੱਚ ਹਜਾਰਾਂ ਗੁਲਾਬ ਖਿੜ ਗਏ ਹੋਣ। ਵਾਲ ਖੁੱਲੇ ਹੋਏ। ਫਿੱਕੇ ਰੰਗ ਦਾ ਸੂਟ ਪਾਇਆ ਹੋਇਆ ਸੀ। ਸਾਦਗੀ ਭਰਪੂਰ ਜਿਸਦੀ ਮਿਸਾਲ ਕਿਤੇ ਨਹੀਂ ਸੀ। ਉਸਦੇ ਚਿਹਰੇ ਨੂੰ ਵੇਖ ਮੈਂ ਅਨੰਦਮਈ ਹੋ ਗਿਆ। ਮੈਂ ਕੋਲ ਜਾ ਖੜ ਗਿਆ। ਉਹ ਅਜੇ ਵੀ ਬੱਚਿਆਂ ਨਾਲ ਖੇਡ ਰਹੀ ਸੀ। ਫਿਰ ਥੱਕ ਕੇ ਬੈਠ ਗਈ। ਉਸਦੀ ਨਜ਼ਰ ਮੇਰੇ ਤੇ ਪਈ। ਮੇਰੇ ਵੱਲ ਵੇਖ ਉਸਨੇ ਹੱਥ ਉੱਚਾ ਕਰ ਇਸ਼ਾਰਾ ਕੀਤਾ। ਮੈਂ ਵੀ ਜੁਆਬ ਵਿੱਚ ਹੱਥ ਹਿਲਾਇਆ। ਫਿਰ ਉਹ ਕਾਹਲੀ ਨਾਲ ਉੱਠੀ ਤੇ ਮੁੜ ਬੱਚਿਆਂ ਵੱਲ ਦੋੜਨ ਦਾ ਦਿਖਾਵਾ ਕੀਤਾ। ਬੱਚੇ ਉਸ ਤੋਂ ਦੂਰ ਭੱਜੇ। ਉਹ ਮੇਰੇ ਕੋਲ ਆਈ। ਤੇ ਬੋਲੀ..

ਸੁਖ - ਕੀ ਹਾਲ ਨੇ ਜਨਾਬ?

ਮੈਂ- ਵਧੀਆ ਜੀ, ਆਪ ਸੁਣਾਓ।

ਸੁਖ - ਦੇਖ ਲਵੋ ਕਿਵੇਂ ਦੇ ਲੱਗ ਰਹੇ ਹਾਂ।

ਮੈ - ਲਾ ਜੁਆਬ।

ਉਸ ਨੇ ਮੇਰੇ ਵੱਲ ਤੱਕਿਆ ਤੇ ਖੁਸ਼ ਹੋਈ। ਮੈਂ ਫਿਰ ਬੋਲਿਆ..

ਮੈਂ - ਬੱਚੇ ਪਸੰਦ ਨੇ ਆਪ ਨੂੰ?

ਸੁਖ - ਹਾਂ, ਕਹਿ ਸਕਦੇ ਹਾਂ।

ਮੈਂ - ਲੱਗਦਾ ਤਾਂ ਹੈ।

ਸੁਖ - ਹੋਰ ਆਪ ਸੁਣਾਉ, ਬੜੇ ਦਿਨਾਂ ਬਾਅਦ ਦਿਖਾਈ ਦਿੱਤੇ?

ਮੈਂ - ਕੁਝ ਨਹੀਂ, ਬਸ ਕੰਮ ਵਿਚ ਵਿਅਸਤ ਸੀ।

ਸੁਖ - ਹਾਂ ਕੰਮ ਜਰੂਰੀ ਨੇ। ਪਰ ਕਦੇ ਕਦੇ ਮਨ ਨੂੰ ਰਾਹਤ ਦੀ ਵੀ ਲੋੜ ਹੈ।

ਮੈਂ - ਰਾਹਤ ਲਈ ਤਾਂ ਆਇਆਂ ਹਾਂ।

ਸੁਖ - ਵਧੀਆ ਗੱਲ ਹੈ। ਆਜੋ ਬੱਚਿਆਂ ਨਾਲ ਖੇਡਦੇ ਹਾਂ।

ਮੈਂ - ਜਰੂਰ।

ਅਸੀਂ ਦੋਨੋਂ ਬੱਚਿਆਂ ਨਾਲ ਖੇਡਣ ਲੱਗੇ। ਕਦੇ ਬੱਚੇ ਸਾਡੇ ਮਗਰ ਦੋੜਦੇ ਕਦੇ ਅਸੀਂ ਬੱਚਿਆਂ ਮਗਰ। ਕਰੀਬ ਤੀਹ ਪੈਂਤੀ ਮਿੰਟ ਖੇਡਦੇ ਰਹੇ। ਫਿਰ ਰੁਕ ਗਏ। ਉਹ ਕੋਲ ਆਈ ਤੇ ਬੋਲੀ..

ਸੁਖ - ਆਜੋ ਉੱਥੇ ਬੈਠਦੇ ਹਾਂ।

ਅਸੀਂ ਦੋਨੋਂ ਇੱਕ ਬੈਂਚ ਵੱਲ ਵਧੇ ਤੇ ਜਾ ਕੇ ਬੈਠ ਗਏ। ਕਾਫੀ ਗੱਲਾਂ ਬਾਤਾਂ ਕੀਤੀਆਂ। ਉਸਨੇ ਆਪਣੇ ਪਰਿਵਾਰ ਬਾਰੇ ਗੱਲਾਂ ਕੀਤੀਆ ਤੇ ਮੈਂ ਵੀ। ਕੰਮ ਕਾਰ ਬਾਰੇ ਗੱਲਾਂ ਹੋਈਆਂ। ਫਿਰ ਹੋਰ ਕੁਝ ਮੁੱਦਿਆਂ ਤੇ ਗੱਲਾਂ ਹੋਈਆਂ ਹਰ ਮੁੱਦੇ ਤੇ ਉਸਦੇ ਸੋਚਣ ਦਾ ਅਲੱਗ ਢੰਗ ਸੀ। ਸਤ ਗੁਣਾਂ ਸਹਿਤ ਭਰਪੂਰ ਔਰਤ ਸੀ ਉਹ। ਮੈਂ ਉਸਨੂੰ ਕਦੇ ਵੀ ਹਵਸ ਦੀ ਨਜ਼ਰ ਨਾਲ ਨਹੀਂ ਦੇਖ ਪਾਇਆ। ਕਿਉਂਕਿ ਉਹ ਉਸਨੇ ਹੀ ਖੁਦ ਮੇਰੇ ਚੋਂ ਕਾਫੀ ਹੱਦ ਤੱਕ ਖਤਮ ਕਰ ਦਿੱਤੀ ਸੀ। ਇਸ ਲਈ ਮੇਰਾ ਧਿਆਨ ਉਸਦੇ ਹੱਸਦੇ ਚਿਹਰੇ ਤੇ ਗਿਆਨ ਸਹਿਤ ਭਰਪੂਰ ਵਿਚਾਰਾਂ ਤੋਂ ਭਟਕ ਹੋਰ ਕਿਸੇ ਪਾਸੇ ਨਾ ਜਾ ਸਕਿਆ। ਸ਼ਇਦ ਮੈਨੂੰ ਉਸ ਨਾਲ ਪਿਆਰ ਹੋ ਰਿਹਾ ਸੀ। ਪਰ ਇਸ ਦਾ ਅਹਿਸਾਸ ਮੈਨੂੰ ਉਸ ਵਕਤ ਨਾ ਹੋਇਆ। ਉਸਦੀ ਛਾਪ ਮੇਰੀ ਜਿੰਦਗੀ, ਮੇਰੇ ਤਨ, ਮਨ,

ਦਿਲ, ਦਿਮਾਗ ਸਭ ਜਗ੍ਹਾ ਛਪ ਚੁਕੀ ਸੀ। ਅਸੀਂ ਬੜੀ ਦੇਰ ਤੱਕ ਬੈਠੇ ਗੱਲਾਂ ਕਰਦੇ ਰਹੇ। ਉਸਨੇ ਮੈਨੂੰ ਆਪਣੀ ਨਵੀਂ ਲਿਖੀ ਕਵਿਤਾ ਸੁਣਾਈ। ਜੋ ਉਸਦੀ ਤਰਾਂ ਹੀ ਖ਼ੂਬਸੂਰਤ ਸੀ। ਕਵਿਤਾ ਸੀ..

**ਆਜੋ ਚੰਨ ਜੀ ਕੁਝ ਗੱਲਾਂ ਕਰੀਏ,**

**ਦਿਲ ਦੀ ਡੂੰਘੀਆਂ ਧਰੀਹਾਂ ਦੀਆਂ,**

**ਕੁਝ ਪਲ ਸਾਂਝੇ ਸੁੱਖ ਦੇ ਕਰੀਏ,**

**ਕੁਝ ਦੁੱਖਾਂ ਦੀਆਂ ਪੜੀਹਾਂ ਦੀਆਂ,**

**ਆਜੋ ਚੰਨ ਜੀ ਕੁਝ ਗੱਲਾਂ ਕਰੀਏ,**

**ਦਿਲ ਦੀਆਂ ਡੂੰਘੀਆਂ ਧਰੀਹਾਂ ਦੀਆਂ।**

**ਤੁਹਾਡੇ ਆਸੇ ਪਾਸੇ ਚਾਨਣੀ,**

**ਮੇਰੇ ਨੇੜੇ ਤੇੜੇ ਫਿਜ਼ਾਵਾਂ,**

**ਕਦੇ ਦੇਖਾਂ ਜਗਮਗ ਤਾਰਿਆਂ ਨੂੰ,**

**ਕਦੇ ਬਾਤਾਂ ਤੁਹਾਡੇ ਨਾਲ ਪਾਵਾਂ,**

**ਜਿਵੇਂ ਮੇਘਾਂ ਹਾਮੀ ਭਰਨ ਪਪੀਹਾਂ ਦੀਆਂ,**

**ਆਜੋ ਚੰਨ ਜੀ ਕੁਝ ਗੱਲਾਂ ਕਰੀਏ,**

**ਦਿਲ ਦੀਆਂ ਡੂੰਘੀਆਂ ਧਰੀਹਾਂ ਦੀਆਂ।**

**ਇਸ ਰਾਤ ਚ' ਹੋਰ ਕਰਾਰ ਆਇਆ,**

**ਹਰ ਸ਼ੈਅ ਦੇ ਵਿੱਚ ਨਿਖਾਰ ਆਇਆ,**

**ਐਸਾ ਰੂਹਾਨੀ ਖਿਆਲ ਆਇਆ,**

**ਜਿਵੇਂ ਫੁੱਲਾਂ ਨੂੰ ਕੰਡਿਆਂ ਤੇ ਪਿਆਰ ਆਇਆ,**

**ਦਿਖਣ ਝਾਕੀਆਂ ਦੂਰ ਵੱਸਦੀਆਂ ਮਸੀਹਾਂ ਦੀਆਂ,**

**ਆਜੋ ਚੰਨ ਜੀ ਕੁਝ ਗੱਲਾਂ ਕਰੀਏ,**

**ਦਿਲ ਦੀਆਂ ਡੂੰਘੀਆਂ ਧਰੀਹਾਂ ਦੀਆਂ।**

**ਅੰਮ੍ਰਿਤ ਵੀਣਾ ਗੂੰਜੀ ਚਾਰੇ,**

**ਰਿਮ-ਝਿਮ ਰਿਮ-ਝਿਮ ਚਾਰ ਚੁਹਾਰੇ,**

**ਕੂਕ ਸੁਣੀ ਮੇਰੀ ਵਿੱਚ ਦਰਬਾਰੇ,**

**ਅੰਮ੍ਰਿਤ ਵਰਖਾ ਹੋਈ ਚੁਬਾਰੇ,**

**ਹੋਇਆ ਸੁਮੇਲ ਧਰਤੀ ਤੇ ਅੰਬਰੀਂ ਲੀਹਾਂ ਦੀਆਂ,**

**ਆਜੋ ਚੰਨ ਜੀ ਕੁਝ ਗੱਲਾਂ ਕਰੀਏ,**

**ਦਿਲ ਦੀਆਂ ਡੂੰਘੀਆਂ ਧਰੀਹਾਂ ਦੀਆਂ।**

ਗੱਲਾਂ ਗੱਲਾਂ ਵਿੱਚ ਸ਼ਾਮ ਦੇ ਸੱਤ ਵੱਜ ਗਏ ਤਾਂ ਉਹ ਉੱਠ ਕੇ ਜਾਣ ਲੱਗੀ? ਮੈਂ ਉਸ ਨੂੰ ਰੋਕਣਾ ਚਾਹੁੰਦਾ ਸੀ। ਪਰ ਰੋਕ ਨਾ ਸਕਿਆ। ਉਹ ਚਲੀ ਗਈ। ਮੈਂ ਵੀ ਵਾਪਿਸ ਆ ਗਿਆ। ਫਿਰ ਮੈਂ ਕੰਮ ਵਿੱਚ ਵਿਅਸਤ ਹੋ ਗਿਆ। ਮੈਨੂੰ ਅਹਿਸਾਸ ਹੋ ਗਿਆ ਸੀ ਕਿ ਮੈਨੂੰ ਉਸ ਨਾਲ ਮੁਹੱਬਤ ਹੋ ਗਈ ਹੈ। ਇਸ ਕਦਰ ਮੁਹੱਬਤ ਕਿ ਭੁੱਖ ਲੱਗਣੀ ਪਰ ਰੋਟੀ ਖਾਣ ਨੂੰ ਦਿਲ ਨਾ ਕਰਨਾ। ਬਸ ਪਾਣੀ ਪੀਂਦੇ ਰਹਿਣਾ। ਦਿਲ ਦਿਮਾਗ ਤੇ ਓਹੀ ਛਾਈ ਪਈ ਸੀ। ਪਿਆਰ ਦੀ ਐਸੀ ਮਸ਼ਾਲ ਜਗੀ ਜਿਸਨੇ ਤਨ ਮਨ ਰੋਸ਼ਨੀ ਨਾਲ ਭਰ ਦਿੱਤਾ। ਜਿੰਦਗੀ ਵਿੱਚ ਪਹਿਲੀ ਵਾਰ ਕਿਸੇ ਨਾਲ ਮੁਹੱਬਤ ਹੋਣ ਦਾ ਅਹਿਸਾਸ ਕਿਵੇਂ ਹੁੰਦਾ ਹੈ ਇਹ ਹੁਣ ਸਮਝ ਆਇਆ ਸੀ।

ਮੈਂ ਐਤਵਾਰ ਕੰਮ ਤੋਂ ਛੁੱਟੀ ਲੈ ਪਾਰਕ ਵਿੱਚ ਜਾ ਪਹੁੰਚਿਆ। ਹੱਦ ਤੋਂ ਪਰੇ ਬੇਸਬਰੀ ਨਾਲ ਉਡੀਕ ਕਰਨ ਲੱਗਾ ਤੇ ਸੋਚਿਆ ਕਿ ਅੱਜ ਉਸਨੂੰ ਦਿਲ ਦਾ ਵਰਕਾ ਵਰਕਾ ਪੜ ਸੁਣਾ ਦਿਆਂਗਾ। ਪਰ ਮੇਰੀ ਕਿਸਮਤ ਮੇਰੇ ਤੇ ਭਾਰੂ ਹੋ ਰਹੀ ਸੀ। ਕਰਮਾਂ ਦਾ ਗੇੜ ਮੁੜ ਆਉਂਦਾ ਹੈ ਇਹ ਉਸ ਦਿਨ ਅਹਿਸਾਸ ਹੋਇਆ। ਮੈਨੂੰ ਸਵੇਰ ਤੋਂ ਸ਼ਾਮ ਹੋ ਗਈ ਤੇ ਸ਼ਾਮ ਤੋਂ ਰਾਤ, ਪਰ ਉਹ ਨਾ ਆਈ। ਏਦਾਂ ਹੀ ਮੈਂ ਹਰ ਐਤਵਾਰ ਜਾਂ ਜਿਸ ਦਿਨ ਵੀ ਛੁੱਟੀ ਹੁੰਦੀ ਪਾਰਕ ਵਿੱਚ ਜਾਂਦਾ। ਪਰ ਉਸ ਤੋਂ ਬਾਅਦ ਉਹ ਕਦੇ ਨਾ ਦਿਖਾਈ ਦਿੱਤੀ। ਕਈ ਵਾਰ ਸੋਚਿਆ ਕਿ ਕਿਤਾਬ ਵਾਲੇ ਨੰਬਰ ਤੇ ਗੱਲ ਕਰਾਂ। ਪਰ ਮੈਨੂੰ ਫਿਰ ਇਹ ਸਹੀ ਨਾ ਲੱਗਾ ਤੇ ਮੈਂ ਉਮੀਦ ਕਿਸਮਤ ਤੇ ਛੱਡ ਦਿੱਤੀ। ਪਰ ਉਹ ਦੁਬਾਰਾ ਮੇਰੀ ਜਿੰਦਗੀ ਵਿੱਚ ਨਾ ਆਈ। ਮੈਨੂੰ ਸਮਝ ਆ ਚੁੱਕਾ ਸੀ ਕਿ ਇਹ ਮੇਰੇ ਕੀਤੇ ਕਰਮਾਂ ਦਾ ਨਤੀਜ਼ਾ ਹੈ। ਜਿਵੇਂ ਮੈਂ ਕਈ ਕੁੜੀਆਂ ਦੇ ਪਿਆਰ ਦੀ ਕਦਰ ਨਹੀਂ ਕੀਤੀ, ਓਵੇਂ ਹੀ ਮੈਨੂੰ ਇਸਦੀ ਸਜ਼ਾ ਮਿਲੀ। ਕਈ ਵਾਰ ਪਿਆਰ ਦਾ ਮੌਕਾ ਮਿਲਣ ਤੇ ਵੀ ਮੈਂ ਦੋਸ਼ੀ ਬਣਿਆਂ ਰਿਹਾ ਤੇ ਮੁਹੱਬਤ ਦੇ ਅਸਲ ਭੇਦ ਸਮਝ ਨਾ ਸਕਿਆ। ਜਦ ਸਮਝ ਆਇਆ ਤਾਂ ਮੇਰੇ ਦੋਸ਼ ਹੀ ਮੇਰੀ ਸਜਾ ਬਣ ਗਏ। ਮੈਂ ਸਜਾ ਨੂੰ ਖਿੜੇ ਮੱਥੇ ਸਵੀਕਾਰ ਕੀਤਾ ਤੇ ਅੱਗੇ ਵਧਿਆ। ਮੈਂ ਗੁਰਬਾਣੀ ਵੱਲ ਵੱਧ ਧਿਆਨ ਦੇਣ ਲੱਗਾ। ਦਿਲ ਨੂੰ ਤਸੱਲੀ ਦੇਣ ਲਈ ਤੇ ਮਨ ਨੂੰ ਸ਼ਾਂਤ ਤੇ ਸਹੀ ਪਾਸੇ ਲਾਉਣ ਲਈ ਮੈਂ ਵੱਧ ਤੋਂ ਵੱਧ ਧਿਆਨ ਦੇਂਦਾ। ਇਕ ਦਿਨ ਮੈਂ ਭਗਤ ਕਬੀਰ ਜੀ ਦੀ ਲਿਖੀ ਬਾਣੀ ਵਿੱਚ ਪੜਿਆ..

**ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ।।**

**ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ।।**

ਭਾਵ - ਹੇ ਕਬੀਰ, ਚੰਦਨ ਦਾ ਨਿੱਕਾ ਜਿਹਾ ਭੀ ਬੂਟਾ ਚੰਗਾ ਜਾਣੋ, ਭਾਵੇਂ ਉਹ ਢਾਕ ਪਲਾਹ ਆਦਿਕ ਵਰਗੇ ਰੁੱਖਾਂ ਨਾਲ ਘਿਰਿਆ ਹੋਇਆ ਹੋਵੇ। ਉਹ ਢਾਕ ਪਲਾਹ ਵਰਗੇ ਨਿਕੰਮੇ ਰੁਖ ਵੀ, ਜੋ ਚੰਦਨ ਦੇ ਨੇੜੇ ਉੱਗੇ ਹੋਈ ਹੁੰਦੇ ਹਨ ਚੰਦਨ ਹੀ ਹੋ ਜਾਂਦੇ ਹਨ।

**ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ।।**

**ਚੰਦਨ ਕੈ ਨਿਕਟੇ ਬਸੈ ਬਾਂਸ ਸੁਗੰਧੁ ਨ ਹੋਇ।।**

ਭਾਵ - ਹੇ ਕਬੀਰ, ਬਾਂਸ ਦਾ ਬੂਟਾ ਉੱਚਾ ਲੰਮਾ ਹੋਣ ਦੇ ਮਾਣ ਵਿੱਚ ਡੁੱਬਿਆ ਹੋਇਆ ਹੈ, ਤੁਸੀਂ ਕੋਈ ਧਿਰ ਬਾਂਸ ਵਾਂਗ ਹਊਮੈ ਵਿਚ ਨਾ ਡੁੱਬ ਜਾਇਓ। ਕਿਉਂਕਿ, ਬਾਂਸ ਭਾਵੇਂ ਚੰਦਨ ਦੇ ਨੇੜੇ ਭੀ ਕਿਉਂ ਨਾ ਹੋਵੇ, ਉਸ ਵਿੱਚ ਚੰਦਨ ਵਾਲੀ ਸੁਗੰਧੀ ਨਹੀਂ ਆਉਂਦੀ।

ਮੈਨੂੰ ਇੰਜ ਅਹਿਸਾਸ ਹੋਇਆ ਕਿ ਸੁਖਵੀਰ ਉਹ ਚੰਦਨ ਦਾ ਬਿਰਵਾ ਸੀ ਜਿਸ ਦੇ ਨੇੜੇ ਰਹਿਣ ਵਾਲੀ ਢਾਕ ਜਾਂ ਪਲਾਹ ਵੀ ਸੁਗੰਧਿਤ ਹੋ ਜਾਂਦੀ ਹੈ। ਪਰ ਅਫਸੋਸ ਮੈਨੂੰ ਉਹ ਢਾਕ ਜਾਂ ਪਲਾਹ ਬਣਨਾ ਨਸੀਬ ਨਾ ਹੋਇਆ। ਤੇ ਰੀਤ ਉਹ

ਚੰਦਨ ਦਾ ਬਿਰਵਾ ਸੀ ਜਿਸਦੇ ਪਿਆਰ ਦੀ ਸੁਗੰਧ ਨਾਲ ਮੈਂ ਪਲਾਹ ਬਣ ਮਹਿਕ ਸਕਦਾ ਪਰ ਮੈਂ ਬਾਂਸ ਬਣੇ ਰਹਿਣ ਵਿੱਚ ਹੀ ਆਪਣੀ ਵਡਿਆਈ ਸਮਝੀ ਤੇ ਚੰਦਨ ਦੇ ਬਿਰਵਾ ਦੇ ਗੁਣ ਕਦੇ ਧਾਰਨ ਨਾ ਕਰ ਸਕਿਆਂ।

ਔਰਤਾਂ ਦਾ ਮਰਦਾਂ ਦੁਆਰਾ ਕੀਤਾ ਜਾ ਰਿਹਾ ਸ਼ੋਸ਼ਣ ਸਬਦਾਂ ਵਿਚ ਬਿਆਨ ਕਰਨਾ ਬਹੁਤ ਔਖਾ ਹੈ। ਕਿਸੇ ਵੀ ਉਮਰ ਦਾ ਮਰਦ ਕਿਉਂ ਨਾ ਹੋਵੇ। ਕਿਸੇ ਔਰਤ ਦੇ ਅੰਗਾਂ ਨੂੰ ਵੇਖ ਉਸਦੀ ਵਾਸਨਾ ਫੁੰਕਾਰੇ ਮਾਰਨ ਲੱਗ ਜਾਂਦੀ ਹੈ। ਭਾਵੇਂ ਔਰਤ ਕਿਸ ਵੀ ਉਮਰ ਦੀ ਹੋਵੇ। ਨਵੀਂ ਜੰਮੀ ਬੱਚੀ ਜਾਂ ਸੌ ਸਾਲਾਂ ਬਜ਼ੁਰਗ। ਮਰਦ ਜਾਤੀ ਦੀ ਆਦਤ ਹੈ ਔਰਤ ਦੀਆਂ ਛਾਤੀਆਂ ਦੇ ਉਭਾਰ ਤੇ ਸਰੀਰਕ ਬਨਾਵਟ ਨੂੰ ਦੇਖ ਔਰਤ ਦੇ ਚਰਿਤਰ ਦਾ ਅਨੁਮਾਨ ਲਾਉਣਾ। ਤੇ ਆਪਣੀ ਹਵਸ ਦਾ ਸ਼ਿਕਾਰ ਬਣਾਉਣ ਦਾ ਯਤਨ ਕਰਨਾ। ਕਹਾਣੀ ਪਾਤਰ ਦਾ ਵੀ ਕੁਝ ਇਹੋ ਜਿਹਾ ਕਿਰਦਾਰ ਸੀ। ਔਰਤਾਂ ਦੇ ਜਿਸਮ ਨੂੰ, ਭਾਵਨਾਵਾਂ ਨੂੰ, ਆਪਣੀ ਵਾਸ਼ਨਾ ਦਾ ਸ਼ਿਕਾਰ ਬਣਾਉਣਾ ਉਸਦੇ ਲਈ ਬਸ ਖੇਡ ਸੀ। ਇਹ ਸਿਰਫ ਕਹਾਣੀ ਪਾਤਰ ਜਾਂ ਸੁਖਵੀਰ ਤੇ ਰੀਤ ਦੀ ਕਹਾਣੀ ਨਹੀਂ, ਬਲਕਿ ਉਹਨਾਂ ਔਰਤਾਂ ਦੇ ਮਰਦਾਂ ਦੀ ਕਹਾਣੀ ਹੈ ਜੋ ਇਹੋ ਜਿਹੀਆਂ ਭਾਵਨਾਵਾਂ ਦਾ ਸ਼ਿਕਾਰ ਹੁੰਦੇ ਹਨ।

ਸੰਭੋਗ ਕਰਨਾ ਮਾੜਾ ਨਹੀਂ ਜਦ ਤੱਕ ਉਹ ਆਪਣੇ ਜੀਵਨ ਸਾਥੀ ਨਾਲ ਪ੍ਰੇਮ ਦੀ ਭਾਵਨਾ ਭਰਪੂਰ ਕੀਤਾ ਜਾਵੇ। ਪਰ ਸਿਰਫ ਵਾਸ਼ਨਾਵਾਂ ਨੂੰ ਮੁੱਖ ਰੱਖ ਸੰਭੋਗ ਕਰਨਾ ਅਪਰਾਧ ਹੈ।

ਇਹ ਇੱਕ ਕਾਲਪਨਿਕ ਕਥਾ ਹੁੰਦੇ ਹੋਏ ਵੀ ਕਿਸੇ ਨਾ ਕਿਸੇ ਹੱਦ ਤੱਕ ਸੱਚ ਬਿਆਨ ਕਰਦੀ ਹੈ। ਕਿਉਂਕਿ ਇਸ ਤਰਾਂ ਬਹੁਤਿਆਂ ਨਾਲ ਹੁੰਦਾ ਹੈ। ਇਸ ਕਹਾਣੀ ਦਾ ਮਕਸਦ ਮਰਦਾਂ ਨੂੰ ਔਰਤਾਂ ਪ੍ਰਤੀ ਡਿੱਗਦੇ ਜਾ ਰਹੇ ਸਨਮਾਨ ਨੂੰ ਦਿਖਾਉਣਾ ਤੇ ਔਰਤਾਂ ਪ੍ਰਤੀ ਸਹੀ ਭਾਵਨਾ ਅਪਣਾਉਣ ਦਾ ਯਤਨ ਕਰਾਉਣਾ ਹੈ। ਔਰਤ ਦੁਨੀਆਂ ਦੀ ਸਭ ਤੋਂ ਖ਼ੂਬਸੂਰਤ ਮੂਰਤ ਹੈ। ਜਿਸਨੂੰ ਕਈ ਰੂਪਾਂ ਨਾਲ ਦੱਸਿਆ ਜਾ ਸਕਦਾ ਹੈ। ਸਾਨੂੰ ਔਰਤਾਂ ਪ੍ਰਤੀ ਆਪਣੀ ਵਹਿਸ਼ੀ ਨਜ਼ਰ ਨੂੰ ਬਦਲ ਠੀਕ ਕਰਨ ਦੀ ਲੋੜ ਹੈ ਤਾਂ ਜੋ ਕਹਾਣੀ ਪਾਤਰ ਵਰਗਾ ਹਾਲ ਨਾ ਹੋਵੇ ਤੇ ਕਿਸੇ ਔਰਤ ਦੀਆਂ ਭਾਵਨਾਵਾਂ ਨੂੰ ਠੇਸ ਨਾ ਲੱਗੇ। ਧੰਨਵਾਦ।

**ਪ੍ਰੀਤ ਸਿੰਘ ਭੈਣੀ**

**9779324826**

**(ਇਸ ਕਹਾਣੀ ਤੇ ਆਪਣੇ ਵਿਚਾਰ ਪੇਸ਼ ਕਰਨ ਲਈ ਜਾਂ ਹੋਰ ਕਹਾਣੀਆਂ ਪੜਨ ਲਈ ਆਪ ਸਾਨੂੰ ਫੋਨ ਜਾਂ ਵੱਟਸਐੱਪ ਕਰ ਸਕਦੇ ਹੋ।)**

Instagram

@preet_di_shayari

**E-mail**

**preetdishayari@gmail.com**

**To read more stories from Preet Singh Bhaini go to the link below**

**http://punjabilibrary.com/authors/preet-singh-bhaini/**